ਸਖ਼ਤ ਸਜ਼ਾ ਤੇ ਬਾਅਦ

ਸ਼ਗੀਰ ਤਬੱਸੁਮ

ਸੰਪਾਦਕ :ਡਾ. ਸੰਦੀਪ ਸਿੰਘ



ਅੱਖ ‘ਚੋ ਡੁੱਲ੍ਹਣ ਵਾਲ਼ੀ ਇੱਕ ਦੁਆ ਤੋਂ ਬਾਅਦ
ਕੁਝ ਨਈਂ ਬਚਿਆ ਓਸ ਦਿਨ ਤੇਜ਼ ਹਵਾ ਤੋਂ ਬਾਅਦ

ਓਹਨੇ ਤੱਕਿਆ ਤੱਕ ਕੇ ਮੁੱਖੜਾ ਫੇਰ ਲਿਆ
ਜੀਅ ਨਈਂ ਸਕਿਆ ਐਡੀ ਸਖ਼ਤ ਸਜ਼ਾ ਤੋਂ ਬਾਅਦ

ਅੱਜ ਤੋਂ ਕੁੱਲ ਹਯਾਤੀ ਤੇਰੇ ਨਾਮ ਕੁੜੇ
ਅੱਜ ਤੋਂ ਸਭ ਕੁਝ ਤੂੰ ਏਂ ਇੱਕ ਖ਼ੁਦਾ ਤੋਂ ਬਾਅਦ

ਬੁਰਕੀ ਤੋੜ ਕੇ ਛਾਬੇ ਵਿੱਚ ਹੀ ਰੱਖ ਛੱਡੀ
ਦੂਰ ਗਲ਼ੀ ‘ਚੋ ਆਈ ਇੱਕ ਸਦਾ ਤੋਂ ਬਾਅਦ

ਮੈਂ ਪੜ੍ਹਨੀ ਏਂ ਨਾਅਤ ਅੱਜ ਪਾਕ ਮੁਹੰਮਦ ਦੀ
ਪਾਕ ਨਬੀ ਦੇ ਰੱਬ ਦੀ ਹਮਦ ਸਨਾ ਤੋਂ ਬਾਅਦ

Promote by @sunnypakhoke

ISBN:978-93-344-7756-6

Price:₹295/-

ਸਖ਼ਤ ਸਜ਼ਾ ਤੋਂ ਬਾਅਦ

ਸਗ਼ੀਰ ਤਬੱਸੁਮ

ਸੰਪਾਦਕ

ਡਾ. ਸੰਦੀਪ ਸਿੰਘ

ਅਦਬ ਪ੍ਰਕਾਸ਼ਨ
ਪੱਖੋਕੇ ਤਰਨ-ਤਾਰਨ

ਸਖ਼ਤ ਸਜ਼ਾ ਤੋਂ ਬਾਅਦ

by

ਸਗ਼ੀਰ ਤਬੱਸੁਮ

ਸੰਪਾਦਕ

ਡਾ. ਸੰਦੀਪ ਸਿੰਘ

© Adab Parkashan

ਪਹਿਲੀ ਵਾਰ : 2026

ISBN : 978-93-344-7756-6

ਮੁੱਲ : 295/-

Distribute by: @thebooksroute

ਅਦਬ ਪ੍ਰਕਾਸ਼ਨ
ਪਿੰਡ ਤੇ ਡਾਕਖਾਨਾ ਪੱਖੋਕੇ, ਜ਼ਿਲ੍ਹਾ ਤਰਨ-ਤਾਰਨ,
ਪੰਜਾਬ-143406
ਸੰਪਰਕ : +91-7508078300

Laser Type Setting:
PATIALA COMPUTERS
Opp. Punjabi University, Patiala
M. 8360208021, 99159-79774
E-mail: patialacomposer04@gmail.com

ਛਾਪਕ: ਪ੍ਰਿੰਟਵੈੱਲ, 146 ਇੰਡਸਟ੍ਰੀਅਲ ਫੋਕਲ ਪੁਆਇੰਟ, ਅੰਮ੍ਰਿਤਸਰ।

ਓਸ ਕੁੜੀ ਦੇ ਨਾਮ
ਜਿਸਦਾ ਬਦਨ ਗੁਲਾਬ ਦੀ ਟਹਿਣੀ
ਹੋਠ ਨਸ਼ੇ ਦੇ ਜਾਮ
ਅੱਖ ਖੋਲ੍ਹੇ ਤੇ ਸੂਰਜ ਲਿਸ਼ਕੇ
ਬੰਦ ਕਰੇ ਤੇ ਸ਼ਾਮ

ਓਸ ਕੁੜੀ ਦੇ ਨਾਮ
ਜਿਸ ਨੇ ਤੱਕਿਆ ਰਾਤ ਦਾ ਤਾਰਾ
ਵਿਚ ਫ਼ਜਰਾਂ ਦੇ ਰੋਈ
ਗਲਮੇ ਵਿਚ ਲੁਕੋਇਆ ਸੂਰਜ
ਅੱਖ ਵਿਚ ਰੱਤ ਲੁਕੋਈ

ਓਸ ਕੁੜੀ ਦੇ ਨਾਮ
ਜਿਸ ਨੇ ਪੱਬਾਂ ਭਾਰ ਖਲੋ ਕੇ
ਦਿੱਤੀ ਇਸ਼ਕ ਦੀ ਬਾਂਗ
ਜਿਸਦਾ ਰੰਗ ਮੁਹੱਬਤਾਂ ਵਰਗਾ
ਆਪ ਬਹਾਰਾਂ ਵਾਂਗ

ਉਸ ਬਸਤੀ ਦੇ ਸਾਰੇ ਰੰਗ ਇਜ਼ਾਫ਼ੀ ਸੀ
ਮੇਰੇ ਲਈ ਬਸ ਇੱਕੋ ਸ਼ਖ਼ਸ ਹੀ ਕਾਫ਼ੀ ਸੀ
ਉਸ ਦਿਨ ਉਸਦੇ ਰੂਪ ਨੂੰ ਰੱਜ ਕੇ ਪੜ੍ਹਿਆ ਸੀ
ਉਸ ਦਿਨ ਉਸਦੇ ਵੱਲੋਂ ਪੂਰੀ ਮੁਆਫ਼ੀ ਸੀ

ਤਤਕਰਾ

- ਜਿਹੜੇ ਦਿਨ ਦਾ ਯਾਰ ਗਿਆ 9
- ਤੈਨੂੰ ਪੂਰਾ ਹੱਕ ਏ ਮੈਨੂੰ ਛੱਡਣ ਦਾ 10
- ਜਿਸ ਦਿਨ ਉਸ ਨੇ ਮੈਥੋਂ ਮੁਖ ਪਰਤਾਇਆ ਸੀ 11
- ਇਹ ਨਾ ਸਮਝੀਂ ਮੈਨੂੰ ਤੇਰੀ ਯਾਦ ਨਈਂ 12
- ਹਰ ਇੱਕ ਪਲ ਦੇ ਨਾਲ ਮੁਹੱਬਤ ਵਾਹ ਬਈ ਵਾਹ 14
- ਤੂੰ ਕਹਿਨਾ ਏਂ ਮੁੰਦਰੀ ਛੱਲੇ ਮੋੜ ਦਿਆਂ 15
- ਮੈਂ ਨਈਂ ਮਰਨਾ ਦੌਲਤ ਆਣੀ ਜਾਣੀ ਏ 16
- ਮੇਰੇ ਨਾਲ ਖਲੋ ਕੇ ਵੇਖ 18
- ਰੱਬਾ ਮੇਰੇ ਹਾਣ ਦਾ ਹਾਣੀ ਕਿੱਥੇ ਵੇ 19
- ਪਿਆਰ ਵਾਲੀ ਕੋਈ ਵੀ ਤੇ ਗੱਲ ਨਈਂ ਸੀ ਦਿਸਦੀ 20
- ਕਸਮੇਂ ਰੱਬ ਦੀ ਜਾਨ ਤੋਂ ਪਿਆਰਾ ਲੱਗਦਾ ਏ 21
- ਤੇਰਾ ਸਾਥ ਬਥੇਰਾ ਏ 22
- ਮੈਂ ਗਲੀਆਂ ਦੇ ਸਾਰੇ ਕੱਖ ਫਰੋਲੇ ਸਨ 23
- ਜਦ ਵੀ ਚੇਤੇ ਆ ਜਾਂਦਾ ਏ 24
- ਯਾਦਾਂ ਦੀ ਬਰਸਾਤ ਦੇ ਅੰਦਰ 25
- ਅੱਜ ਵੀ ਮੇਰੇ ਨਾਲ ਖੜਾਂ ਏ 26
- ਦਿਲ ਦਾ ਰਿਸ਼ਤਾ ਢਹਿ ਨਈਂ ਸਕਦਾ 27
- ਜਿਹਨੂੰ ਵੱਡਾ ਮੰਨਿਆ ਸੀ 28
- ਤੂੰ ਚਾਹਨਾਂ ਆਂ ਸਾਰੀ ਹੁਣੇ ਨਬੇੜ ਦਿਆਂ 29

- ਕੱਲ੍ਹ ਇੱਕ ਇਸ਼ਕ ਪੁਰਾਣਾ ਛਿੜਿਆ 30
- ਜੰਗ ਦੀ ਨਾ ਗੱਲ ਕਰ 31
- ਜਦ ਪਿਆਰ ਕਰਨ ਦਾ ਸੋਚ ਲਿਆ 32
- ਕੀ ਦੱਸਦਾਂ ਏ ਮੈਨੂੰ ਪੀੜ ਮੁਹੱਬਤ ਦੀ 33
- ਮੈਨੂੰ ਅਗਲਾ ਸਾਹ ਨਈਂ ਆਂਦਾ 34
- ਮੇਰੇ ਨਾਲ ਤੂੰ ਅੱਖ ਮਿਲਾ ਕੇ ਵੇਖ ਜ਼ਰਾ 35
- ਪਹਿਲੀ ਵਾਰੀ ਮੰਗਿਆ ਸੀ ਦਿਲ ਕਿਸੇ ਯਾਰ ਨੇ 36
- ਕੱਲ੍ਹ ਤਕ ਜੀਹਦਾ ਹੱਥ ਸੀ ਮੇਰੇ ਹੱਥਾਂ ਵਿੱਚ 37
- ਜ਼ਹਿਰਾਂ ਭਰੀਆਂ ਚੂਰੀਆਂ ਨੇ 38
- ਤਾਹੀਓਂ ਤੇਰੇ ਨਾਲ ਖੜੀ ਆਂ 39
- ਐਡੀ ਵੀ ਨਈਂ ਗੱਲ 40
- ਪਾਣੀ ਦੇ ਵਿੱਚ ਭਿੱਜੀ ਅੱਗ 41
- ਮਰ ਨਾ ਜਾਵਾਂ ਮੈਂ 42
- ਥੋੜ੍ਹੀ ਦੇਰ ਨਿਗਾਹਾਂ ਡੱਕ ਲੈ 43
- ਬੁੱਲ੍ਹੀਆਂ ਉੱਤੇ ਫੁੱਲ ਖਿੜੇ ਨੇ ਖੁਸ਼ੀਆਂ ਦੇ 44
- ਅੱਗਾਂ ਸੁੱਟਦੇ ਸੂਰਜ ਅੱਗੇ 45
- ਅੱਜ ਮੁਹੱਬਤ ਢੇਰ ਕਰਾਂਗੇ 46
- ਕਿਸਮਤ ਕਿੱਥੋਂ ਲੈਣੀ ਏ 47
- ਸੁੱਤਾ ਲਸ਼ਕਰ ਜਾਗ ਪਿਆ ਏ 48
- ਓਹਦੀ ਯਾਦ ਦੀ ਬੁੱਕਲ ਮਾਰ ਕੇ 49
- ਵੇਖ ਮੁਹੱਬਤ ਬਾਕੀ ਰਹਿਣੀ 50

- ਇਹ ਨਾ ਸਮਝੀਂ ਤੇਰੇ ਨਾਲ ਮੁਹੱਬਤ ਨਈਂ 51
- ਹਾਏ ਓ ਰੱਬਾ! ਪਾਗਲ ਕਰਕੇ ਮਾਰੇਗਾ 52
- ਬੁੱਲ੍ਹੀਆਂ ਉੱਤੇ ਹਾਸੇ ਰੱਖ 53
- ਕੁਝ ਤੇ ਤੇਰੇ ਨਾਲ ਰਿਹਾ ਵਾਂ 54
- ਕਿੰਨੇ ਵਰ੍ਹਿਆਂ ਬਾਅਦ ਮਿਲੇ ਸੀ 55
- ਬਚ ਤੇ ਜਾਂਦਾ 56
- ਮੈਂ ਨਈਂ ਜਾਣਾ ਦੇਸ ਪਰਾਏ 57
- ਮੇਰੇ ਖ਼ਤ ਸੰਭਾਲ ਕੇ ਰੱਖੀਂ 58
- ਹਿਜਰਾਂ ਦੀ ਪੀੜ ਅਸੀਂ ਲਿਖ-ਲਿਖ ਮਰ ਗਏ 59
- ਪਹਿਲੇ ਉਸ ਨੂੰ ਪਿਆਰ ਦੀ ਮੁੰਦਰੀ ਘੱਲਾਂਗਾ 60
- ਦਿਲ ਵਿੱਚ ਦੁੱਖ ਨੇ ਹਜ਼ਾਰ ਭਾਵੇਂ ਦੋਸਤਾ 61
- ਵੇਖੀਂ ਮੈਨੂੰ ਹੱਥ ਨਾ ਲਾਵੀਂ 62
- ਕਰੀਏ ਕੀ ਹੁਣ ਸਾਹਵਾਂ ਦਾ? 63
- ਇੱਕ ਉਸ ਦੀ ਤਸਵੀਰ ਬਣਾਵਣ ਦੀ ਖ਼ਾਤਿਰ 65
- ਤੈਨੂੰ ਕਿਹੜੀ ਗੱਲ ਦੀਆਂ ਸੋਚਾਂ? 66
- ਤੂੰ ਖੁਸ਼ੀਆਂ ਦਾ ਝੂਠਾ ਸੱਦਾ ਘੱਲੀਂ ਨਾ 67
- ਗੱਲਾਂ ਪਹਿਲੇ ਪਿਆਰ ਦੀਆਂ 68
- ਪਰ ਬੰਦਾ ਨਈਂਓ ਰੱਜਦਾ 69
- ਸੁਣਾਵਣ ਤੋਂ ਪਹਿਲੇ ਹੀ ਰੋ ਪਈਆਂ ਅੱਖੀਂਆਂ 70
- ਮੈਂ ਅੰਬਰਾਂ 'ਚੋਂ ਤੋੜਾਂ ਖ਼ਿਆਲਾਂ ਦੇ ਮੋਤੀ 71
- ਤੇਰੇ ਵਰਗਾ ਹੋਰ ਨਾ ਕੋਈ 72

- ਮਿੱਟੀ ਨੂੰ ਬਸ ਰਹਿਣ ਦੇ ਮਿੱਟੀ 74
- ਹਾਲੀ ਭੈੜਾ ਇਸ਼ਕ ਮੁਕੰਮਲ ਹੋਇਆ ਨਈਂ 75
- ਜੀਹਨੂੰ ਵੀ ਮੈਂ ਗੱਲ ਕਰਾਂ 76
- ਏਧਰ ਓਧਰ ਦਿਲ ਕੀ ਲਾਇਆ 77
- ਵਾਹ ਓਏ ਬੰਦਿਆ ਤੇਰੀਆਂ ਵੰਡਾਂ 78
- ਦੁਨੀਆ ਕੋਲੋਂ ਆਪਣਾ ਆਪ ਬਚਾਵਣ ਲਈ 79
- ਚੰਦਰੇ ਦਿਲ ਦੇ ਖ਼ਾਬ ਸਤਾਵਣ ਲੱਗ ਪਏ ਨੇ 80
- ਤੂੰ ਨਾ ਮਿਲਿਆ ਮਰ ਜਾਵਾਂਗਾ 82
- ਜਿਹੜੇ ਤੇਰੇ ਨਾਲ ਗੁਜ਼ਾਰੇ 83
- ਕਿਸਮਤ ਦੀ ਦਹਿਲੀਜ਼ 'ਤੇ ਬਹਿ ਕੇ 84
- ਕਲੀਆਂ ਵਰਗੇ ਨੈਣ ਕੁਵਾਰੇ 86
- ਮੈਂ ਸੁਫ਼ਨੇ ਵਿੱਚ ਹੀਰ ਬਣਾ ਕੇ ਭੁੱਲ ਗਿਆ 87
- ਉਸ ਨੇ ਦੂਰੋਂ ਵੇਖ ਕੇ ਬੂਹਾ ਭੇੜ ਲਿਆ 88
- ਤੇਰੇ ਨਾਲ ਵਫ਼ਾ ਨਈਂ ਕੀਤੀ 89
- ਮੇਰੀ ਗੱਲ ਦਾ ਕਰਨਾ ਸੀ ਇਤਬਾਰ ਕਿਉਂ? 90
- ਕੀ ਦੱਸਾਂ ਮੈਂ ਤੇਰੇ ਬਾਅਦ? 91
- ਰੋਜ਼ ਇੱਕ ਯਾਦ 93
- ਤੂੰ ਹੋਵੇਂ ਜੇ ਕੋਲ ਜ਼ਮਾਨਾ ਕੀ ਕਰਨਾ? 94
- ਤੇਰੇ ਬਾਅਦ ਵੀ ਸਾਹ ਲੈਨਾਂ ਵਾਂ ਮਰਿਆ ਨਈਂ 95

•

ਕੈਸੀ ਕੰਧ ਉਸਾਰ ਗਿਆ
ਥਾਂ ਥਾਂ ਦੁੱਖ ਖਿਲਾਰ ਗਿਆ

ਦਿਲ ਨੂੰ ਝੱਲਾ ਕਹਿੰਦੇ ਸੀ
ਦਿਲ ਹੀ ਸਾਨੂੰ ਚਾਰ ਗਿਆ

ਘੜਿਆਂ ਦੇ ਹੁਣ ਤਰਲੇ ਕੀ
ਘੜਿਆਂ ਦਾ ਇਤਬਾਰ ਗਿਆ

ਮੌਤ ਵਿਚਾਰੀ ਕਹਿਣਾ ਕੀ
ਸਾਨੂੰ ਜੀਵਨ ਮਾਰ ਗਿਆ

ਅੱਖਾਂ ਪੱਥਰ ਹੋਈਆਂ ਨੇ
ਜਿਹੜੇ ਦਿਨ ਦਾ ਯਾਰ ਗਿਆ

•

ਰੋਹੀ ਵਿੱਚ ਖਲੋਤੇ ਰੁੱਖ ਨੂੰ ਵੱਢਣ ਦਾ
ਤੈਨੂੰ ਪੂਰਾ ਹੱਕ ਏ ਮੈਨੂੰ ਛੱਡਣ ਦਾ

ਮੇਰੇ ਵਲ ਨਾ ਵੇਖ ਨਸੀਬਾਂ ਵਾਲੜੀਏ
ਫ਼ਾਇਦਾ ਕੀ ਏ ਥਲ ਵਿੱਚ ਕਣਕਾਂ ਗੱਡਣ ਦਾ

ਹੰਝੂ ਰੋਕ ਕੇ ਹਾਸੇ ਬੰਨ੍ਹ ਲਏ ਪਲਕਾਂ ‘ਤੇ
ਕੁਝ ਨਈਂ ਲੱਭਣਾ ਐਥੋਂ ਹੰਝੂ ਕੱਢਣ ਦਾ

ਉਹਨੇ ਹਰ ਇੱਕ ਮੋੜ 'ਤੇ ਮੈਨੂੰ ਛੱਡਿਆ ਸੀ
ਮੈਨੂੰ ਵਲ ਨਈਂ ਆਇਆ ਉਹਨੂੰ ਛੱਡਣ ਦਾ

ਜਿਹਨੇ ਦੂਰੋਂ ਵੇਖ ਕੇ ਬੂਹਾ ਭੇੜ ਲਿਆ
ਮੁੱਲ ਕੀ ਪੈਣਾ ਉੱਥੇ ਝੋਲੀ ਅੱਡਣ ਦਾ

•

ਜਿਸ ਦਿਨ ਉਸ ਨੇ ਮੈਥੋਂ ਮੁਖ ਪਰਤਾਇਆ ਸੀ
ਉਸ ਦਿਨ ਉਸ ਨੂੰ ਪਹਿਲਾ ਸ਼ਿਅਰ ਸੁਣਾਇਆ ਸੀ

ਉਸ ਨੇ ਚੱਲਦੀ ਰੇਲ 'ਚੋਂ ਹੱਥ ਹਿਲਾਇਆ ਸੀ
ਮੈਂ ਹੰਝੂਆਂ ਨੂੰ ਪਲਕਾਂ ਹੇਠ ਲੁਕਾਇਆ ਸੀ

ਉੱਥੇ ਅੱਜ ਵੀ ਮੀਂਹ ਵੱਸਦਾ ਏ ਹੰਝੂਆਂ ਦਾ
ਜਿੱਥੇ ਉਸ ਨੇ ਅਪਣਾ ਹੱਥ ਛੁਡਾਇਆ ਸੀ

ਸਾਰਾ ਸ਼ਹਿਰ ਬਰਫ਼ ਸੀ ਬਣਿਆ ਖੁਰਿਆ ਨਈਂ
ਮੈਂ ਅੱਖਰਾਂ ਦਾ ਸੂਰਜ ਬਣ ਕੇ ਆਇਆ ਸੀ

ਉਸ ਦਿਨ ਵੀ ਕੋਈ ਬਾਹਰ ਨਈਂ ਆਇਆ ਕਮਰੇ 'ਚੋਂ
ਉਸ ਦਿਨ ਵੀ ਮੈਂ ਬੰਦ ਬੂਹਾ ਖੜਕਾਇਆ ਸੀ

ਮੈਂ ਸੀਨੇ ਦੀ ਅੱਗ ਨੂੰ ਅੰਦਰ ਰੋਕ ਲਿਆ
ਉਸ ਨੇ ਗ਼ਜ਼ਲਾਂ ਨਾਲ ਬੜਾ ਭੜਕਾਇਆ ਸੀ

ਮੈਂ ਉਸ ਦਰ ਨੂੰ ਓਸੇ ਦਿਨ ਛੱਡ ਆਇਆ ਸੀ
ਜਿਸ ਦਿਨ ਉਸ ਨੇ ਆਪਣਾ ਹੁਕਮ ਸੁਣਾਇਆ ਸੀ

•

ਆਂਦੀ ਹੈ ਪਰ ਤੇਰੇ ਆਉਣ ਤੋਂ ਬਾਅਦ ਨਈਂ
ਏਹ ਨਾ ਸਮਝੀ ਮੈਨੂੰ ਤੇਰੀ ਯਾਦ ਨਈਂ

ਤੈਨੂੰ ਵੇਖ ਕੇ ਜਿਸਦੇ ਹੋਸ਼ ਸਲਾਮਤ ਰਹਿਣ
ਹੋ ਸਕਦਾ ਏ ਕੁਝ ਵੀ ਆਦਮਜ਼ਾਦ ਨਈਂ

ਕਿੱਥੋਂ ਸਿੱਖਿਆ ਠੀਕ ਨਿਸ਼ਾਨਾ ਲਾਉਣ ਦਾ ਵੱਲ
ਏਹ ਨਾ ਆਖੀਂ ਮੇਰਾ ਕੋਈ ਉਸਤਾਦ ਨਈਂ

ਮੈਂ ਇਕਲਾਪੇ ਸ਼ਹਿਰ ਦਾ ਵਾਸੀ ਅਜ਼ਲਾਂ ਤੋਂ
ਮੇਰਾ ਕੋਈ ਪਰਛਾਵਾਂ ਕੋਈ ਹਮਜ਼ਾਦ ਨਈਂ

ਕਿਹੜਾ ਤੇਰੀ ਅੱਖ ਦੇ ਵਾਰ ਤੋਂ ਬਚਿਆ ਏ
ਕਿਹੜਾ ਤੇਰੇ ਇਸ਼ਕ ਦੇ ਵਿੱਚ ਬਰਬਾਦ ਨਈਂ

ਮੈਂ ਸ਼ਾਇਰ ਹਾਂ ਸ਼ਾਇਰ ਨਵੇਂ ਜ਼ਮਾਨੇ ਦਾ
ਮੈਂ ਰਾਂਝਾ, ਮੈਂ ਮਜਨੂੰ, ਮੈਂ ਫ਼ਰਿਹਾਦ ਨਈਂ

ਤੂੰ ਤੇ ਮੇਰੇ ਖ਼ਾਬ ਹੀ ਵੱਢ ਕੇ ਸੁੱਟ ਦਿੱਤੇ
ਮੈਂ ਸੁਣਿਆ ਸੀ ਹਾਕਮ ਏਂ, ਜੱਲਾਦ ਨਈਂ

ਤੇਰੇ ਛੱਡ ਕੇ ਜਾਣ ਤੋਂ ਬਾਅਦ ਕਿਆਮਤ ਏ
ਤੇਰੇ ਬਾਝੋਂ ਇੱਕ ਵੀ ਸ਼ਹਿਰ ਆਬਾਦ ਨਈਂ

ਜਿੱਥੇ ਚਾਹਵੇ ਜਦ ਵੀ ਚਾਹਵੇ ਮਾਰ ਦਵੇ
ਵੇਲੇ ਅੱਗੇ ਸਾਡੀ ਕੋਈ ਫ਼ਰਿਆਦ ਨਈਂ

•

ਦਿਨ, ਮਹੀਨਾ, ਸਾਲ ਮੁਹੱਬਤ, ਵਾਹ ਬਈ ਵਾਹ
ਹਰ ਇੱਕ ਪਲ ਦੇ ਨਾਲ ਮੁਹੱਬਤ, ਵਾਹ ਬਈ ਵਾਹ

ਇੱਕੋ ਥਾਂ 'ਤੇ ਲੱਭ ਗਈਆਂ ਨੇ ਮੁਰਸ਼ਦ ਜੀ
ਦਾਰੂ, ਰੋਟੀ, ਦਾਲ ਮੁਹੱਬਤ, ਵਾਹ ਬਈ ਵਾਹ

ਦਿਲ ਸ਼ਰਾਬੀ ਰੋਜ਼ ਇੱਕ ਬੋਤਲ ਮੰਗਦਾ ਏ
ਨਸ਼ਿਆਂ ਵਰਗਾ ਜਾਲ ਮੁਹੱਬਤ, ਵਾਹ ਬਈ ਵਾਹ

ਕੱਲ੍ਹ ਇੱਕ ਸੁਫ਼ਨਾ ਵੇਖ ਕੇ ਅੱਗਾਂ ਮੱਚ ਗਈਆਂ
ਸੁਰਖ਼ੀ ਬੁੱਲ੍ਹੀਆਂ, ਵਾਲ ਮੁਹੱਬਤ, ਵਾਹ ਬਈ ਵਾਹ

ਨਫ਼ਰਤ ਟੱਕਰਾਂ ਮਾਰ ਕੇ ਆਪੇ ਮਰ ਜਾਣੀ
ਲੋਹੇ ਵਰਗੀ ਡਾਲ ਮੁਹੱਬਤ, ਵਾਹ ਬਈ ਵਾਹ

•

ਕਮਰਾ, ਮੇਜ਼, ਕਿਤਾਬਾਂ ਤੇ ਕੁਝ ਲਾਰੇ ਸਨ
ਉਸਦੇ ਬਾਝ ਮੈਂ ਇਸਰਾਂ ਦਿਨ ਗੁਜ਼ਾਰੇ ਸਨ

ਜਿਸ ਦਿਨ ਉਸਨੇ ਅਪਣੇ ਵਾਲ ਖਲਾਰੇ ਸਨ
ਬੱਦਲਾਂ ਉੱਤੇ ਕਿੱਡੇ ਮਸਤ ਨਜ਼ਾਰੇ ਸਨ

ਇੱਕ ਤੇ ਉਸ ਦਾ ਬਦਨ ਜਿਵੇਂ ਕੋਈ ਸ਼ੀਸ਼ਾ ਸੀ
ਦੂਜਾ ਉਸ ਦੇ ਹੋਂਠ ਜਿਵੇਂ ਅੰਗਾਰੇ ਸਨ

ਇੱਕ ਦਿਨ ਉਸ ਦੇ ਨਕਸ਼ ਬਣਾਏ ਕਾਗਜ਼ 'ਤੇ
ਇੱਕ ਦਿਨ ਜੰਨਤਾਂ ਵਿੱਚੋਂ ਰੰਗ ਉਤਾਰੇ ਸਨ

ਉਸ ਦਿਨ ਵਾਅ ਪੁਰੇ ਦੀ ਓਧਰੋਂ ਆਈ ਸੀ
ਉਸ ਦਿਨ ਚਾਰੇ ਪਾਸੇ ਮਸਤ ਹੁਲਾਰੇ ਸਨ

ਉਸ ਦੇ ਬਾਝੋਂ ਹੋਰ ਨਈਂ ਸੀ ਦੁਨੀਆ 'ਤੇ
ਕੀ ਦੱਸਾਂ ਮੈਂ ਕਿੱਸਰਾਂ ਦਿਨ ਗੁਜ਼ਾਰੇ ਸਨ

ਤੂੰ ਕਹਿਨਾ ਏਂ ਮੁੰਦਰੀ ਛੱਲੇ ਮੋੜ ਦਿਆਂ
ਤੇਰੇ ਵੱਲ ਵੀ ਇਕ ਦੋ ਪਲ ਉਧਾਰੇ ਸਨ

•

ਇਹ ਨਾ ਸਮਝੀਂ ਉਹੋ ਰਾਮ ਕਹਾਣੀ ਏ
ਅੱਜ ਮੈਂ ਤੈਨੂੰ ਤਾਜ਼ਾ ਗ਼ਜ਼ਲ ਸੁਣਾਣੀ ਏ

ਅੱਜ ਇੱਕ ਯਾਰ ਤੋਂ ਮੰਗਵਾਂ ਫੋਨ ਲਿਆਇਆਂ ਵਾਂ
ਅੱਜ ਇੱਕ ਫੋਟੋ ਤੇਰੇ ਨਾਲ ਬਣਾਣੀ ਏ

ਮੈਂ ਚਾਹਨਾਂ ਵਾਂ ਹਾਸੇ ਪੁੰਗਰਨ ਬੁੱਲ੍ਹੀਆਂ 'ਤੇ
ਤੂੰ ਚਾਹਨਾਂ ਏਂ ਹਰ ਇੱਕ ਅੱਖ ਰਵਾਣੀ ਏ

ਸੂਰਜ ਲੰਮੀ ਤਾਣ ਕੇ ਸੁੱਤਾ ਵਰ੍ਹਿਆਂ ਤੋਂ
ਕਿਸ ਨੇ ਆਣ ਕੇ ਉਸ ਦੀ ਅੱਖ ਜਗਾਣੀ ਏ

ਉਸਨੂੰ ਮੇਰੀਆਂ ਨਜ਼ਮਾਂ ਨਾਲ ਮੁਹੱਬਤ ਏ
ਮੇਰੇ ਲਈ ਉਹ ਗ਼ਜ਼ਲਾਂ ਦੀ ਇੱਕ ਰਾਣੀ ਏ

ਜਿਸ ਦੀ ਲੈਅ 'ਤੇ ਬੱਦਲ ਖੁੱਲ੍ਹ ਕੇ ਵੱਸਿਆ ਸੀ
ਅੱਜ ਵੰਝਲੀ 'ਤੇ ਉਹੋ ਧੁਨ ਵਜਾਣੀ ਏ

ਇਹ ਕੀ ਹੋਇਆ ਬਾਜ਼ੀ ਛੱਡ ਕੇ ਨੱਸ ਗਿਆ
ਹਾਲੀ ਤੇ ਮੈਂ ਅਗਲੀ ਖੇਡ ਰਚਾਣੀ ਏ

ਮੈਂ ਸ਼ਾਇਰ ਆਂ, ਸ਼ਾਇਰ ਸੁੱਚਲ ਨਜ਼ਮਾਂ ਦਾ
ਮੈਂ ਨਈਂ ਮਰਨਾ ਦੌਲਤ ਆਣੀ ਜਾਣੀ ਏ

•

ਲਹੂ ਵਿੱਚ ਅੱਖ ਡੁਬੋ ਕੇ ਵੇਖ
ਮੇਰੇ ਵਾਂਗੂੰ ਰੋ ਕੇ ਵੇਖ

ਤੇਰੀ ਅੱਖ ਨੇ ਦੱਸ ਦੇਣਾ
ਮੇਰਾ ਪਿਆਰ ਲੁਕੋ ਕੇ ਵੇਖ

ਮੈਂ ਫ਼ਜ਼ਰਾਂ ਦੀ ਖ਼ੁਸ਼ਬੂ ਆਂ
ਸਾਹਵਾਂ ਵਿੱਚ ਪਰੋ ਕੇ ਵੇਖ

ਤੈਨੂੰ ਦੁਨੀਆ ਵੇਖੇਗੀ
ਮੇਰੇ ਨਾਲ ਖਲੋ ਕੇ ਵੇਖ

ਮੈਂ ਵੀ ਤੇਰੇ ਵਰਗਾ ਹਾਂ
ਮੇਰੇ ਵਰਗਾ ਹੋ ਕੇ ਵੇਖ

•

ਜਿਹੜੀ ਲਿਖੀ ਰਾਤ ਕਹਾਣੀ ਕਿੱਥੇ ਵੇ
ਸੋਨੇ ਵਰਗੀ ਰੂਪ ਦੀ ਰਾਣੀ ਕਿੱਥੇ ਵੇ

ਮੈਂ ਅਸਮਾਨੋਂ ਅੱਗ ਬੁਝਾਵਣ ਆਇਆ ਵਾਂ
ਚਾਰੇ ਪਾਸੇ ਅੱਗ ਏ ਪਾਣੀ ਕਿੱਥੇ ਵੇ

ਮੇਰੇ ਸਿਰ 'ਤੇ ਚੇਤਰ ਉੱਗਿਆ ਚਾਂਦੀ ਦਾ
ਰੱਬਾ ਮੇਰੇ ਹਾਣ ਦਾ ਹਾਣੀ ਕਿੱਥੇ ਵੇ

ਜਿਹੜੇ ਪਾਸੇ ਜਾਣਾ ਚਾਹਵੇ ਜਾਣ ਦਿਓ
ਚਾਰੇ ਪਾਸੇ ਮੈਂ ਆ ਜਾਣੀ ਕਿੱਥੇ ਵੇ

ਮੈਂ ਕਹਾਣੀ ਲਿਖ ਦਿਆਂਗਾਂ ਦੁਨੀਆ ਦੀ
ਇਹ ਵੀ ਤੇ ਕੁਝ ਦੱਸ ਸੁਣਾਣੀ ਕਿੱਥੇ ਵੇ

ਮੈਂ ਸ਼ਿਅਰਾਂ ਦੀ ਅੱਗ ਸੰਭਾਲ ਕੇ ਰੱਖੀ ਏ
ਛੇਤੀ ਜਿਹੀ ਇਹ ਦੱਸ ਲਵਾਣੀ ਕਿੱਥੇ ਵੇ

ਨਜ਼ਮਾਂ ਵੇਚ ਕੇ ਦੌਲਤ ਕੱਠੀ ਕੀਤੀ ਏ
ਸੋਚ ਰਿਹਾਂ ਆਂ ਯਾਰ ਲੁਟਾਣੀ ਕਿੱਥੇ ਵੇ

•

ਏਨੀ ਛੇਤੀ ਅੱਖ ਦਾ ਇਸ਼ਾਰਾ ਕਿਵੇਂ ਹੋ ਗਿਆ
ਦਿਲ ਦੇ ਕਰੀਬ ਮੈਂ ਦੁਬਾਰਾ ਕਿਵੇਂ ਹੋ ਗਿਆ

ਪਿਆਰ ਵਾਲੀ ਕੋਈ ਵੀ ਤੇ ਗੱਲ ਨਈਂ ਸੀ ਦਿਸਦੀ
ਰੱਬ ਜਾਣੇ ਜੱਗ ਤੋਂ ਪਿਆਰਾ ਕਿਵੇਂ ਹੋ ਗਿਆ

ਸੋਚਦਾ ਸਾਂ ਉਹਦੇ ਬਾਝੋਂ ਪਲ ਵੀ ਨਈਂ ਲੰਘਣਾ
ਸੋਚਦਾ ਵਾਂ ਹੁਣ ਮੈਂ ਗੁਜ਼ਾਰਾ ਕਿਵੇਂ ਹੋ ਗਿਆ

ਪਲ-ਪਲ ਜ਼ਿੰਦਗੀ ਦਾ ਸਾਂਭ ਕੇ ਸੀ ਰੱਖਿਆ
ਉਮਰਾਂ ਦਾ ਇਤਨਾ ਖਲਾਰਾ ਕਿਵੇਂ ਹੋ ਗਿਆ

ਕੱਲ੍ਹ ਤਕ ਮਿੱਟੀ ਉੱਤੇ ਨਜ਼ਮਾਂ ਸੀ ਲੀਕਦਾ
ਅੱਜ ਵੇਖੋ ਅੰਬਰਾਂ ਦਾ ਤਾਰਾ ਕਿਵੇਂ ਹੋ ਗਿਆ

•

ਮਿੱਠੀ-ਮਿੱਠੀ ਰਾਤ ਦਾ ਤਾਰਾ ਲੱਗਦਾ ਏ
ਕਸਮੇਂ ਰੱਬ ਦੀ ਜਾਨ ਤੋਂ ਪਿਆਰਾ ਲੱਗਦਾ ਏ

ਏਹੋ ਸੋਚ ਕੇ ਇਸ਼ਕ ਸਮੁੰਦਰ ਡੁੱਬਿਆ ਸਾਂ
ਉਸ ਦੇ ਘਰ ਦੇ ਨਾਲ ਕਿਨਾਰਾ ਲੱਗਦਾ ਏ

ਕਹਿੰਦਾ ਸੀ ਕਿ ਅੱਜ ਮਿਲਣ ਨੂੰ ਆਵਾਂਗਾ
ਮੈਨੂੰ ਤੇ ਪਰ ਅੱਜ ਵੀ ਲਾਰਾ ਲੱਗਦਾ ਏ

ਚੜ੍ਹਿਆ ਚੇਤਰ ਚੁੰਨੀ ਲੈ ਕੇ ਰੰਗਾਂ ਦੀ
ਮੁੜ ਆਇਆ ਏ ਯਾਰ ਦੁਬਾਰਾ ਲੱਗਦਾ ਏ

ਦਿਲ ਦੇ ਵਿੱਚ ਵੀ ਖੋਟ ਮਿਲਾ ਕੇ ਦਿੰਦਾ ਏ
ਸੱਜਣ ਵੀ ਅੱਜ ਚੋਰ ਸੁਨਾਰਾ ਲੱਗਦਾ ਏ

•

ਹਾਲੀ ਤਕ ਹਨੇਰਾ ਏ
ਕਿੰਨੀ ਦੂਰ ਸਵੇਰਾ ਏ

ਤੇਰੀਆਂ ਕਾਲ਼ੀਆਂ ਜ਼ੁਲਫ਼ਾਂ ਦਾ
ਚਾਰੇ ਪਾਸਿਉਂ ਘੇਰਾ ਏ

ਮੈਂ ਦੁਨੀਆ ਤੋਂ ਕੀ ਲੈਣਾ
ਤੇਰਾ ਸਾਥ ਬਥੇਰਾ ਏ

ਕੱਲ੍ਹ ਇੱਕ ਹਾਸਾ ਲੱਭਿਆ ਤੇ
ਇੰਝ ਲੱਗਿਆ ਤੇਰਾ ਏ

ਘਰ ਦੇ ਬਾਹਰ ਜੋ ਕਾਮਾ ਏ
ਘਰ ਦੇ ਵਿੱਚ ਵਡੇਰਾ ਏ

•

ਜਿਹੜੇ ਮੰਜ਼ਰ ਅੱਖੀਆਂ ਕੋਲੋਂ ਓਹਲੇ ਸਨ
ਉਹੀ ਰਾਤ ਨੂੰ ਸੁਫ਼ਨਿਆਂ ਅੰਦਰ ਬੋਲੇ ਸਨ

ਮੈਂ ਗਲ਼ੀਆਂ ਵਿੱਚ ਕਾਸੇ ਚੁੱਕੀ ਫਿਰਦਾ ਸੀ
ਤੂੰ ਅਸਮਾਨ ਦੇ ਸਾਰੇ ਬੂਹੇ ਖੋਲ੍ਹੇ ਸਨ

ਮੈਨੂੰ ਆਪਣੇ ਆਪ ਤੋਂ ਹੌਲਾ ਦਿਸਿਆ ਨਈਂ
ਮੈਂ ਗਲੀਆਂ ਦੇ ਸਾਰੇ ਕੱਖ ਫਰੋਲੇ ਸਨ

ਇੱਕ ਬੱਚੇ ਦੇ ਹੱਥ ਕਿਤਾਬਾਂ ਫੜੀਆਂ ਸੀ
ਇੱਕ ਬੱਚੇ ਦੇ ਹੱਥ ਕਰਾਰੇ ਛੋਲੇ ਸਨ

ਮੈਂ ਖ਼ੁਸ਼ੀਆਂ ਵਲ ਸਿਹਰੇ ਬੰਨ੍ਹ ਕੇ ਟੁਰਿਆ ਸੀ
ਮੇਰੇ ਝੂਠੇ ਖ਼ਾਬ ਤੇ ਦੁੱਖ ਵਿਚੋਲੇ ਸਨ

•

ਦਿਲ ਦੇ ਤਾਰ ਹਲਾ ਜਾਂਦਾ ਏ
ਜਦ ਵੀ ਚੇਤੇ ਆ ਜਾਂਦਾ ਏ

ਰੋ-ਰੋ ਕੇ ਮੈਂ ਖ਼ਾਬ ਸਵਾਵਾਂ
ਹੱਸ ਕੇ ਸ਼ਿਅਰ ਜਗਾ ਜਾਂਦਾ ਏ

ਚੰਨ ਵੀ ਕੰਨੀਂ ਤਾਰੇ ਪਾ ਕੇ
ਰੋਜ਼ ਭੁਲੇਖੇ ਪਾ ਜਾਂਦਾ ਏ

ਜਦ ਵੀ ਅੰਦਰ ਝਾਤੀ ਮਾਰਾਂ
ਘੁੱਪ ਹਨੇਰਾ ਛਾ ਜਾਂਦਾ ਏ

ਰੋਗ ਇਸ਼ਕ ਦਾ ਕੁਝ ਨਈਂ ਕਹਿੰਦਾ
ਅੰਦਰੋ ਅੰਦਰੀ ਖਾ ਜਾਂਦਾ ਏ

•

ਇੰਝ ਨੱਚਦੇ ਨੇ ਜ਼ਾਤ ਦੇ ਅੰਦਰ
ਜਿਸਰਾਂ ਘੁੰਗਰੂ ਰਾਤ ਦੇ ਅੰਦਰ

ਇਹ ਨਾ ਸਮਝੀਂ ਹਾਰ ਗਿਆਂ ਵਾਂ
ਜਿੱਤ ਹੁੰਦੀ ਏ ਮਾਤ ਦੇ ਅੰਦਰ

ਮੈਂ ਮਿੱਟੀ ਨੂੰ ਭੁੱਲ ਬੈਠਾ ਸਾਂ
ਹੁਣ ਆਇਆਂ ਔਕਾਤ ਦੇ ਅੰਦਰ

ਆਪਣੀ ਗੱਲ ਦੀ ਕੀਮਤ ਦੱਸਾਂ
ਪੱਗ ਰੱਖੀ ਏ ਬਾਤ ਦੇ ਅੰਦਰ

ਸੜਿਆ ਜੀਵਨ ਠਾਰ ਰਿਹਾਂ ਵਾਂ
ਯਾਦਾਂ ਦੀ ਬਰਸਾਤ ਦੇ ਅੰਦਰ

•

ਕਿਹੜਾ ਦੁੱਖ ਸੀ ਰਾਣੀ ਅੰਦਰ
ਮਰ ਗਈ ਰਾਤ ਕਹਾਣੀ ਅੰਦਰ

ਅੱਜ ਵੀ ਮੇਰੇ ਨਾਲ ਖੜ੍ਹਾ ਏਂ
ਇੱਕ ਤਸਵੀਰ ਪੁਰਾਣੀ ਅੰਦਰ

ਡੁੱਬਦਾ ਸੂਰਜ ਵੇਖ ਰਿਹਾਂ ਵਾਂ
ਦੂਰ ਖੜੇ ਉਸ ਪਾਣੀ ਅੰਦਰ

ਜਿਹੜੀ ਸਭ ਦੇ ਸਾਹਵੇਂ ਕੀਤੀ
ਉਹੋ ਗੱਲ ਸੁਣਾਣੀ ਅੰਦਰ

ਖ਼ੌਫ਼ ਦੇ ਮੰਜ਼ਰ ਤੈਰ ਰਹੇ ਨੇ
ਭਿੱਜੀ ਅੱਖ ਨਿਮਾਣੀ ਅੰਦਰ

•

ਤੇਰਾ ਤੇ ਕੁਝ ਕਹਿ ਨਈਂ ਸਕਦਾ
ਮੈਂ ਪਰ ਕੱਲ੍ਹਾ ਰਹਿ ਨਈਂ ਸਕਦਾ

ਦੁੱਖ ਤੇ ਮੇਰੇ ਸਾਹ ਵਿੱਚ ਵੱਸਦੇ
ਸਾਹਵਾਂ ਨਾਲ ਮੈਂ ਖਹਿ ਨਈਂ ਸਕਦਾ

ਸੁੰਞਾ ਵਿਹੜਾ ਬਿੱਟ-ਬਿੱਟ ਤੱਕੇ
ਮੈਂ ਹੁਣ ਘਰ ਵੀ ਬਹਿ ਨਈਂ ਸਕਦਾ

ਲਹੂ ਦੇ ਰਿਸ਼ਤੇ ਢਹਿ ਜਾਂਦੇ ਨੇ
ਦਿਲ ਦਾ ਰਿਸ਼ਤਾ ਢਹਿ ਨਈਂ ਸਕਦਾ

ਮੈਨੂੰ ਝੱਲਾ ਕਿਸਨੇ ਕੀਤਾ
ਮੈਂ ਹੁਣ ਅੱਗੇ ਕਹਿ ਨਈਂ ਸਕਦਾ

•

ਹੱਥਾਂ ਵਿੱਚ ਦੋਨਾਲੀਆਂ ਨੇ
ਕੂੰਜਾਂ ਵਿਛੜਨ ਵਾਲੀਆਂ ਨੇ

ਬੱਚੇ ਮਾਰ ਕੇ ਬਸਤੀ ਦੇ
ਦੁਸ਼ਮਣ ਮਾਰਦੇ ਤਾਲੀਆਂ ਨੇ

ਜਿਹਨੂੰ ਵੱਡਾ ਮੰਨਿਆ ਸੀ
ਪੱਗਾਂ ਓਸ ਉਛਾਲੀਆਂ ਨੇ

ਕੰਨਾਂ ਦੇ ਵਿੱਚ ਸੁਫ਼ਨੇ ਹਨ
ਸੁਫ਼ਨਿਆਂ ਅੰਦਰ ਵਾਲੀਆਂ ਨੇ

ਇੱਕ ਦਿਨ ਸੂਰਜ ਲੱਭ ਲੈਣਾ
ਭਾਵੇਂ ਰਾਤਾਂ ਕਾਲੀਆਂ ਨੇ

•

ਬੈਠ ਜ਼ਰਾ ਮੈਂ ਅੱਖ ਦੀ ਬਾਰੀ ਭੇੜ ਦਿਆਂ
ਫਿਰ ਉੱਠਾਂ ਤੇ ਰਾਗ ਪਹਾੜੀ ਛੇੜ ਦਿਆਂ

ਤੇਰੇ ਲਈ ਤੇ ਬੁਣ-ਬੁਣ ਝੱਲਿਆ ਰੱਖੇ ਸੀ
ਹੁਣ ਕਹਿਨਾਂ ਏਂ ਸਾਰੇ ਖ਼ਾਬ ਉਧੇੜ ਦਿਆਂ

ਨੀਵਾਂ ਹਾਂ ਤੇ ਨੀਵੇਂ ਪਾਸੇ ਬੈਠਾ ਹਾਂ
ਤੇਰੇ ਪਾਸੇ ਕਿੰਝ ਹਯਾਤੀ ਰੇੜ੍ਹ ਦਿਆਂ

ਘੁੰਮ ਰਿਹਾ ਏ ਰੁਕ-ਰੁਕ ਚੱਕਾ ਸਾਹਵਾਂ ਦਾ
ਵੱਸ ਚੱਲੇ ਤੇ ਇੱਕੋ ਵਾਰੀ ਗੇੜ ਦਿਆਂ

ਮੈਂ ਚਾਹਨਾਂ ਵਾਂ ਹਾਲੀ ਵਕਤ ਲੰਘਾ ਲਈਏ
ਤੂੰ ਚਾਹਨਾਂ ਏਂ ਸਾਰੀ ਹੁਣੇ ਨਬੇੜ ਦਿਆਂ

•

ਰਾਤ ਦਾ ਪਿਛਲਾ ਪਹਿਰ ਸੀ, ਮੈਂ ਸੀ
ਹੰਝੂਆਂ ਦੀ ਇੱਕ ਨਹਿਰ ਸੀ, ਮੈਂ ਸੀ

ਕੱਲ੍ਹ ਇੱਕ ਇਸ਼ਕ ਪੁਰਾਣਾ ਛਿੜਿਆ
ਪੀੜਾਂ ਦੀ ਇੱਕ ਲਹਿਰ ਸੀ, ਮੈਂ ਸੀ

ਜਾਂਦਾ ਕਿਹੜੇ ਪਾਸੇ 'ਕੱਲ੍ਹਾ
ਜ਼ਹਿਰਾਂ ਭਰਿਆ ਸ਼ਹਿਰ ਸੀ, ਮੈਂ ਸੀ

ਪਿੰਡਾ ਨੀਲੋ ਨੀਲ ਹੋਇਆ ਸੀ
ਉਹਦੀ ਅੱਖ ਦਾ ਜ਼ਹਿਰ ਸੀ, ਮੈਂ ਸੀ

ਕੀ ਪੁੱਛਦੇ ਓ ਹਾਲ ਸਫ਼ੀਰਾ
ਖ਼ਬਰੇ ਕਿੰਝ ਦਾ ਕਹਿਰ ਸੀ, ਮੈਂ ਸੀ

•

ਠਹਿਰ ਜ਼ਰਾ ਸੋਚ ਵਾਲੀ ਚਰਖ਼ੀ ਘੁਮਾਣ ਦੇ
ਕੌਣ ਏਂ ਤੇ ਕੀ ਏਂ ਤੂੰ, ਜ਼ਿਹਨ ਤੇ ਲੜਾਨ ਦੇ

ਹੋਰ ਕਿਤੇ ਵੇਖੇਂਗਾ ਤੇ ਸ਼ਿਅਰ ਭੁੱਲ ਜਾਏਂਗਾ
ਮੇਰੇ ਵੱਲ ਵੇਖ ਮੇਰੇ ਸ਼ਿਅਰਾਂ 'ਤੇ ਧਿਆਨ ਦੇ

ਰੂਹ ਤਕ ਪਹੁੰਚਿਆ ਹਨੇਰ ਏਸ ਰਾਤ ਦਾ
ਥੋੜ੍ਹੀ ਜਿੰਨੀ ਰੌਸ਼ਨੀ ਤੇ ਮੇਰੇ ਵੱਲ ਆਣ ਦੇ

ਜੰਗ ਦੀ ਨਾ ਗੱਲ ਕਰ ਜੰਗ ਹਾਲੇ ਰਹਿਣ ਦੇ
ਪਿਆਰ ਵਾਲਾ ਗੀਤ ਮੈਨੂੰ ਪਿਆਰ ਨਾਲ ਗਾਣ ਦੇ

ਮਾੜੇ ਆਂ ਤੇ ਕੀ ਹੋਇਆ ਸਾਡਾ ਵੀ ਤੇ ਜੀਅ ਏ
ਕਦੀ ਕਦੀ ਦਿਲ ਵਾਲੀ ਸਾਨੂੰ ਵੀ ਸੁਣਾਨ ਦੇ

ਪਿੰਡ ਨਾਲ ਪਿਆਰ ਏ ਤੇ ਪਿੰਡ ਵਿੱਚ ਬੈਠੇ ਆਂ
ਸ਼ਹਿਰਾਂ ਤੱਕ ਪਹੁੰਚ ਗਏ ਨੇ ਕਈ ਮੇਰੇ ਹਾਣ ਦੇ

•

ਇੰਝ ਥਾਂ-ਥਾਂ ਦਿਲ ਨੂੰ ਖੋਲ੍ਹਦੇ ਨਈਂ
ਤੁਸੀਂ ਬੋਲਦੇ ਓ ਅਸੀਂ ਬੋਲਦੇ ਨਈਂ

ਜੀਹਦੇ ਨਾਲ ਟੁਰਨ ਦਾ ਸੋਚ ਲਿਆ
ਸਿਰ ਕੱਟ ਜਾਵੇ ਫਿਰ ਡੋਲਦੇ ਨਈਂ

ਅਸਾਂ ਸ਼ਾਇਰ ਪਿਆਰ ਦੇ ਸ਼ਾਇਰ ਹਾਂ
ਅਸੀਂ ਜ਼ਹਿਰ ਦਿਲਾਂ ਵਿੱਚ ਘੋਲਦੇ ਨਈਂ

ਜਦ ਪਿਆਰ ਕਰਨ ਦਾ ਸੋਚ ਲਿਆ
ਫਿਰ ਅੰਦਰੋਂ ਬਾਹਰੋਂ ਤੋਲਦੇ ਨਈਂ

ਸਾਡੀ ਅੱਖ 'ਤੇ ਉਂਗਲਾਂ ਚੁੱਕਦੇ ਓ
ਮਨ ਆਪਣਾ ਅੰਦਰੋਂ ਫੋਲਦੇ ਨਈਂ

•

ਜਾਂ ਤੇ ਤੇਰੀਆਂ ਅੱਖਾਂ ਡਰੀਆਂ ਹੋਈਆਂ ਨੇ
ਨਈਂ ਤੇ ਪੱਕੀ ਗੱਲ ਏ ਮਰੀਆਂ ਹੋਈਆਂ ਨੇ

ਜਾਂ ਤੇ ਗੱਲ ਕਰ ਗੱਲ ਕੋਈ ਨਵੇਂ ਜ਼ਮਾਨੇ ਦੀ
ਜਾਂ ਫਿਰ ਚੁੱਪ ਕਰ ਗੱਲਾਂ ਕਰੀਆਂ ਹੋਈਆਂ ਨੇ

ਮੈਨੂੰ 'ਕੱਲ੍ਹਾ ਛੱਡ ਕੇ ਪੁੱਛਦਾ ਕਿਸਰਾਂ ਏਂ
ਰੁੱਖ ਤੋਂ ਟੁੱਟਣ ਵਾਲੀਆਂ ਹਰੀਆਂ ਹੋਈਆਂ ਨੇ

ਫੇਰ ਅੱਜ ਮੀਰ ਦਾ ਮਿਸਰਾ ਪੜ੍ਹ ਕੇ ਆਇਆ ਏ
ਫੇਰ ਅੱਜ ਉਸ ਦੀਆਂ ਅੱਖਾਂ ਭਰੀਆਂ ਹੋਈਆਂ ਨੇ

ਕੀ ਦੱਸਦਾਂ ਏਂ ਮੈਨੂੰ ਪੀੜ ਮੁਹੱਬਤ ਦੀ
ਲੱਖ ਵਾਰੀ ਇਹ ਪੀੜਾਂ ਜਰੀਆਂ ਹੋਈਆਂ ਨੇ

•

ਉਸ ਨੂੰ ਮੇਰਾ ਨਾਂ ਨਈਂ ਆਂਦਾ
ਭੁੱਲ ਜਾਂਦੀ ਏ ਤਾਂ ਨਈਂ ਆਂਦਾ

'ਕੱਲ੍ਹਾ ਛੱਡ ਕੇ ਨਾ ਜਾਇਆ ਕਰ
ਮੈਨੂੰ ਅਗਲਾ ਸਾਂਹ ਨਈਂ ਆਂਦਾ

ਰੱਜ ਕੇ ਤੱਕ ਲੈ ਫੇਰ ਨਾ ਆਖੀਂ
ਮੇਰੇ ਕੋਲ ਫਲਾਂ ਨਈਂ ਆਂਦਾ

ਚੁੱਕ ਲੈ ਕੁੜੀਏ ਟੁੱਕ ਹਿਜਰਾਂ ਦੇ
ਐਸ ਬਨੇਰੇ ਕਾਂ ਨਈਂ ਆਂਦਾ

ਰਸਤੇ ਹੋਰ ਬੜੇ ਨੇ ਸਾਹਵੇਂ
ਰਸਤਾ ਏਸ ਗਰਾਂ ਨਈਂ ਆਂਦਾ

•

ਅੰਦਰ ਲੁਕਿਆ ਦਰਦ ਜਗਾ ਕੇ ਵੇਖ ਜ਼ਰਾ
ਸ਼ਿਵ ਦਾ ਪਹਿਲਾ ਗੀਤ ਤੇ ਗਾ ਕੇ ਵੇਖ ਜ਼ਰਾ

ਮੈਂ ਵੀ ਸ਼ਿਵ ਦੇ ਨਾਲ ਖਲੋਤਾ ਦਿਸਾਂਗਾ
ਆਪਣੀ ਅੱਖ ਦੀ ਮੈਲ਼ ਹਟਾ ਕੇ ਵੇਖ ਜ਼ਰਾ

ਜਿਸਰਾਂ ਧੁੱਪ ਵਿੱਚ ਮੀਂਹ ਨਈਂ ਵਸਦਾ ਇੱਕੋ ਦਮ
ਓਸ ਨੂੰ ਆਪਣੇ ਕੋਲ ਬਿਠਾ ਕੇ ਵੇਖ ਜ਼ਰਾ

ਵਾਰਿਸ, ਬੁੱਲ੍ਹਾ, ਮੀਰ ਤੇ ਗ਼ਾਲਿਬ ਮੰਨਿਆ ਏਂ
ਮੇਰੇ ਦੋ-ਤਿੰਨ ਸ਼ਿਅਰ ਸੁਣਾ ਕੇ ਵੇਖ ਜ਼ਰਾ

ਨਜ਼ਮਾਂ, ਗ਼ਜ਼ਲਾਂ, ਗੀਤ ਬਹਾਰਾਂ ਵਰਗੇ ਨੇ
ਮੇਰੇ ਕਮਰੇ ਵਿੱਚ ਤੇ ਜਾ ਕੇ ਵੇਖ ਜ਼ਰਾ

ਤੇਰੇ ਦਿਲ ਦੇ ਤਾਰ ਹਿਲਾ ਕੇ ਰੱਖ ਦੇਵਾਂ
ਮੇਰੇ ਨਾਲ ਤੂੰ ਅੱਖ ਮਿਲਾ ਕੇ ਵੇਖ ਜ਼ਰਾ

•

ਡੁੱਲ੍ਹਦਾ ਏ ਸੁਰਾਂ ‘ਚੋਂ ਕਰਾਰ ਕਿਵੇਂ ਸੋਹਣੀਏ
ਵੱਜਦਾ ਏ ਦਿਲਾਂ ਦਾ ਗਿਟਾਰ ਕਿਵੇਂ ਸੋਹਣੀਏ

ਡੱਕ ਲਈਂ ਅੱਖੀਆਂ ‘ਚੋਂ ਡਿੱਗਦੀ ਸ਼ਰਾਬ ਨੂੰ
ਉੱਤਰੇਗਾ ਚੜ੍ਹਿਆ ਖ਼ੁਮਾਰ ਕਿਵੇਂ ਸੋਹਣੀਏ

ਤੱਕ ਜ਼ਰਾ ਬਾਰੀ ਵਿੱਚੋਂ ਮਾਜ਼ੀ ਦੀਆਂ ਮੂਰਤਾਂ
ਰਗਾਂ ਵਿੱਚ ਦੌੜਦਾ ਸੀ ਪਿਆਰ ਕਿਵੇਂ ਸੋਹਣੀਏ

ਪਹਿਲੀ ਵਾਰੀ ਮੰਗਿਆ ਏ ਦਿਲ ਕਿਸੇ ਯਾਰ ਨੇ
ਤੂੰਹੀਓਂ ਦੱਸ ਕਰਾਂ ਇਨਕਾਰ ਕਿਵੇਂ ਸੋਹਣੀਏ

ਓਹਨੇ ਮੈਨੂੰ ਡੰਗਿਆ ਸੀ ਹਰ ਇੱਕ ਮੋੜ ‘ਤੇ
ਕਰ ਲਵਾਂ ਫੇਰ ਇਤਬਾਰ ਕਿਵੇਂ ਸੋਹਣੀਏ

•

ਭਿੱਜੀ ਅੱਖ ਦਾ ਮੰਜ਼ਰ ਕਿਵੇਂ ਬਦਲ ਗਿਆ
ਅੱਗ ਦੇ ਨਾਲ ਸਮੰਦਰ ਕਿਵੇਂ ਬਦਲ ਗਿਆ

ਮੈਂ ਇੱਕ ਜੰਗ ਨੂੰ ਹਾਰ ਕੇ ਬੈਠਾਂ ਸੋਚ ਰਿਹਾਂ
ਮੇਰੇ ਨਾਲ ਦਾ ਲਸ਼ਕਰ ਕਿਵੇਂ ਬਦਲ ਗਿਆ

ਤੇਰੀ ਅੱਖ 'ਚ ਅੱਥਰੂ ਝੱਲਿਆ ਖ਼ੈਰ ਤੇ ਹੈ
ਪੱਥਰ ਸੈਂ ਤੇ ਪੱਥਰ ਕਿਵੇਂ ਬਦਲ ਗਿਆ

ਕੱਲ੍ਹ ਤਕ ਜੀਹਦਾ ਹੱਥ ਸੀ ਮੇਰੇ ਹੱਥਾਂ ਵਿੱਚ
ਵੇਖੋ ਅੱਜ ਉਹ ਚੇਤਰ ਕਿਵੇਂ ਬਦਲ ਗਿਆ

ਬਾਹਰੋਂ ਤੇ ਤੂੰ ਨਿੱਤ ਹੀ ਭੇਸ ਵਟਾਂਦਾ ਸੈਂ
ਇਹ ਦੱਸ ਤੇਰਾ ਅੰਦਰ ਕਿਵੇਂ ਬਦਲ ਗਿਆ

ਇਹ ਇੱਕ ਦਰਦ ਕਹਾਣੀ ਸੱਜਣੋਂ ਫੇਰ ਸਹੀ
ਸ਼ਿਅਰਾਂ ਦੀ ਥਾਂ ਖੰਜਰ ਕਿਵੇਂ ਬਦਲ ਗਿਆ

•

ਉਮਰੋਂ ਲੰਮੀਆਂ ਦੂਰੀਆਂ ਨੇ
ਐਡੀਆਂ ਕੀ ਮਜਬੂਰੀਆਂ ਨੇ

ਕੋਈ ਤੇ ਗੱਲ ਮੁਕੰਮਲ ਲਿਖ
ਚਿੱਠੀਆਂ ਸਭ ਅਧੂਰੀਆਂ ਨੇ

ਚੰਨ ਵੀ ਪੂਰੇ ਜੋਬਨ 'ਤੇ
ਰਾਤਾਂ ਵੀ ਹੁਣ ਪੂਰੀਆਂ ਨੇ

ਹੁਣ ਕੀ ਖ਼ਾਬ ਸਜਾਇਆ ਏ
ਅੱਖਾਂ ਫਿਰ ਮੁਖਮੂਰੀਆਂ ਨੇ

ਗੱਲ੍ਹਾਂ ਪੇੜੇ ਮੱਖਣਾਂ ਦੇ
ਬੁੱਲ੍ਹੀਆਂ ਸੁਰਖ਼ ਅੰਗੂਰੀਆਂ ਨੇ

ਨਾ ਕੋਈ ਲੈਲਾ ਨਾ ਕੋਈ ਹੀਰ
ਜ਼ਹਿਰਾਂ ਭਰੀਆਂ ਚੂਰੀਆਂ ਨੇ

•

ਆਪਣੀ ਗੱਲ ‘ਤੇ ਆਪ ਅੜੀ ਆਂ
ਤਾਹੀਓਂ ਤੇਰੇ ਨਾਲ ਖੜੀ ਆਂ

ਐਵੇਂ ਨਈਂ ਮੈਂ ਕੁੰਦਨ ਹੋ ਗਈ
ਕਾਨਿਆਂ ਕੱਖਾਂ ਨਾਲ ਸੜੀ ਆਂ

ਤੇਰੇ ਨਾਂ ਦੀ ਮੁੰਦਰੀ ਉੱਤੇ
ਵੇਖ ਲਾ ਹੀਰਿਆਂ ਵਾਂਗ ਜੜੀ ਆਂ

ਐਸ ਇਸ਼ਕ ਦੀ ਸੂਲ਼ੀ ਉੱਤੇ
ਆਪਣੀ ਮਰਜ਼ੀ ਨਾਲ ਚੜ੍ਹੀ ਆਂ

ਤੇਰੇ ਪਿਆਰ ਦੀ ਖ਼ਾਤਰ ਝੱਲਿਆ
ਦਿਨ ਲੜੀ ਆਂ ਰਾਤ ਲੜੀ ਆਂ

•

ਬੰਨ੍ਹ ਛੱਡ ਕਾਫ਼ੀਆ ਤੇ ਤੋੜ ਦੇ ਰਦੀਫ਼ ਨੂੰ
ਐਡੀ ਵੀ ਨਈਂ ਗੱਲ ਭਾਵੇਂ ਛੋੜ ਦੇ ਰਦੀਫ਼ ਨੂੰ

ਕੱਢ ਲੈ ਸਮੁੰਦਰਾਂ 'ਚੋਂ ਨਵੇਂ-ਨਵੇਂ ਕਾਫ਼ੀਏ
ਅੰਬਰਾਂ ਦੇ ਸੀਨਿਆਂ 'ਤੇ ਜੋੜ ਦੇ ਰਦੀਫ਼ ਨੂੰ

ਗ਼ਜ਼ਲਾਂ ਦੇ ਬੁੱਲ੍ਹ ਨੇ ਤ੍ਰੇਹੇ ਕਈ ਸਾਲ ਤੋਂ
ਭਰੀ ਹੋਈ ਰਸ ਦੀ ਨਿਚੋੜ ਦੇ ਰਦੀਫ਼ ਨੂੰ

ਅੱਥਰਾ ਜੇ ਹੋਵੇ ਭੈੜਾ ਨਖ਼ਰੇ ਦਾ ਮਾਰਿਆ
ਕੰਨ ਕੋਲੋਂ ਫੜ੍ਹ ਕੇ ਮਰੋੜ ਦੇ ਰਦੀਫ਼ ਨੂੰ

ਲੀਕਾਂ ਉੱਤੇ ਲੀਕ ਪਏ ਮਾਰਦੇ ਸ.ਗ਼ੀਰ ਜੀ
ਫੜ੍ਹ ਲੈ ਲਗਾਮ ਹੁਣ ਮੋੜ ਦੇ ਰਦੀਫ਼ ਨੂੰ

•

ਬਰਫ਼ਾਂ ਉੱਤੇ ਡਿੱਗੀ ਅੱਗ
ਪਾਣੀ ਦੇ ਵਿੱਚ ਭਿੱਜੀ ਅੱਗ

ਇੱਕ ਦੂਜੇ ਵੱਲ ਵੇਖ ਰਹੇ
ਕਮਰਾ, ਮੈਂ ਤੇ ਠੰਢੀ ਅੱਗ

ਸ਼ਹਿਰਾਂ ਵਿੱਚੋਂ ਨਿਕਲੀ ਤੇ
ਜੰਗਲਾਂ ਨੂੰ ਜਾ ਲੱਗੀ ਅੱਗ

ਮੈਂ ਬੱਦਲਾਂ ਵੱਲ ਤੱਕਿਆ ਤੇ
ਬੱਦਲਾਂ ਰੱਜ ਕੇ ਸੁੱਟੀ ਅੱਗ

ਢੋਲ ਇਸ਼ਕ ਦਾ ਵੱਜਿਆ ਤੇ
ਸੜਕਾਂ ਉੱਤੇ ਨੱਚੀ ਅੱਗ

ਤੇਰੇ ਹੋਂਠ ਉਲੀਕੇ ਸੀ
ਕਾਗ਼ਜ਼ ਉੱਤੇ ਲੱਗੀ ਅੱਗ

ਅੰਬਰਾਂ ਵਿੱਚੋਂ ਵੱਸਿਆ ਕਹਿਰ
ਧਰਤੀ ਵਿੱਚੋਂ ਉੱਗੀ ਅੱਗ

•

ਰੋਂਦਿਆਂ-ਰੋਂਦਿਆਂ ਹੱਸਦਿਆਂ-ਹੱਸਦਿਆਂ ਮਰ ਨਾ ਜਾਵਾਂ ਮੈਂ
ਚਾਰ ਚੁਫ਼ੇਰੇ ਨੱਸਦਿਆਂ-ਨੱਸਦਿਆਂ ਮਰ ਨਾ ਜਾਵਾਂ ਮੈਂ

ਖ਼ਬਰੇ ਕਿਸ ਦਿਨ ਹਰਿਆਂ ਹੋਣਾ ਬੰਜਰ ਧਰਤੀ ਨੇ
ਸ਼ਾਮ ਸਵੇਰੇ ਵੱਸਦਿਆਂ-ਵੱਸਦਿਆਂ ਮਰ ਨਾ ਜਾਵਾਂ ਮੈਂ

ਤੂੰ ਏਂ ਮੇਰੇ ਦਿਲ ਦੀ ਧੜਕਣ, ਤੂੰ ਏਂ ਚੈਨ ਕਰਾਰ
ਇੱਕੋ ਗੱਲ ਨੂੰ ਦੱਸਦਿਆਂ-ਦੱਸਦਿਆਂ ਮਰ ਨਾ ਜਾਵਾਂ ਮੈਂ

ਰੱਬਾ ਜੰਨਤ ਸ਼ਹਿਰ ਦਾ ਸੱਦਾ ਸਾਨੂੰ ਵੀ ਅਪੜਾ
ਇੱਕੋ ਠਾਹਰਾਂ ਵੱਸਦਿਆਂ-ਵੱਸਦਿਆਂ ਮਰ ਨਾ ਜਾਵਾਂ ਮੈਂ

ਗ਼ਾਲਿਬ ਦੀ ਇੱਕ ਮਸਤ ਗ਼ਜ਼ਲ ਨੂੰ ਡੇਗਾਂਗਾ ਇੱਕ ਰੋਜ਼
ਤੀਰ ਕਮਾਨੇ ਕੱਸਦਿਆਂ-ਕੱਸਦਿਆਂ ਮਰ ਨਾ ਜਾਵਾਂ ਮੈਂ

ਸਾਰਾ ਜ਼ਹਿਰ ਮੁਹੱਬਤ ਵਾਲਾ ਪੀ ਗਿਆਂ ਇੱਕੋ ਡੀਕ
ਆਪਣੇ ਆਪ ਨੂੰ ਡੱਸਦਿਆਂ-ਡੱਸਦਿਆਂ ਮਰ ਨਾ ਜਾਵਾਂ ਮੈਂ

•

ਥੋੜ੍ਹੀ ਦੇਰ ਨਿਗਾਹਾਂ ਡੱਕ ਲੈ
ਅੜੀਏ ਮਸਤ ਅਦਾਵਾਂ ਡੱਕ ਲੈ

ਮੇਰਾ ਪਿੰਡਾ ਮੋਮ ਦਾ ਪਿੰਡਾ
ਤੱਤੀਆਂ-ਤੱਤੀਆਂ ਸਾਹਵਾਂ ਡੱਕ ਲੈ

ਦਾਰੂ ਵਰਗੇ ਹੋਂਠ ਹਟਾ ਲੈ
ਸੰਦਲ ਵਰਗੀਆਂ ਬਾਹਵਾਂ ਡੱਕ ਲੈ

ਕਿਧਰੇ ਅੰਬਰ ਡਿੱਗ ਨਾ ਜਾਵੇ
ਬਸ ਕਰ ਆਪਣੀਆਂ ਹਾਵਾਂ ਡੱਕ ਲੈ

ਮੈਂ ਧੁੱਪਾਂ ਦੇ ਘਰ ਨੂੰ ਜਾਣਾ
ਬੱਦਲਾ ਅੱਜ ਤੂੰ ਛਾਵਾਂ ਡੱਕ ਲੈ

•

ਮੰਜ਼ਰ ਅੰਦਰ ਮੰਜ਼ਰ ਨੱਚੀ ਜਾ ਰਹੇ ਨੇ
ਖੰਡਰਾਂ ਵਿੱਚ ਸਮੰਦਰ ਨੱਚੀ ਜਾ ਰਹੇ ਨੇ

ਕਾਸਿਆਂ ਵਿੱਚ ਮੁਕੱਦਰ ਧਰ ਕੇ ਲੋਕਾਂ ਦੇ
ਗਲੀਆਂ ਵਿੱਚ ਕਲੰਦਰ ਨੱਚੀ ਜਾ ਰਹੇ ਨੇ

ਬੁੱਲ੍ਹੀਆਂ ਉੱਤੇ ਫੁੱਲ ਖਿੜੇ ਨੇ ਖ਼ੁਸ਼ੀਆਂ ਦੇ
ਸੀਨਿਆਂ ਅੰਦਰ ਖੰਜਰ ਨੱਚੀ ਜਾ ਰਹੇ ਨੇ

ਤੂੰ ਕਿਉਂ ਥਾਂ-ਥਾਂ ਹੰਝੂ ਸੁੱਟਦਾ ਫਿਰਦਾ ਏਂ
ਖ਼ੁਸ਼ੀਆਂ ਨਾਲ ਸਿਕੰਦਰ ਨੱਚੀ ਜਾ ਰਹੇ ਨੇ

ਤੇਰੇ ਸ਼ਹਿਰ ਦੇ ਬੁਰਜ ਭਰੇ ਨੇ ਦਰਦਾਂ ਨਾਲ
ਮੇਰੇ ਪਿੰਡ ਦੇ ਖੰਡਰ ਨੱਚੀ ਜਾ ਰਹੇ ਨੇ

•

ਵੇਖ ਰਿਹਾਂ ਵਾਂ ਅੱਗੇ ਪਿੱਛੇ ਵਾਰੋ-ਵਾਰੀ ਨੱਚਣਗੇ
ਤੇਰੇ ਇਸ ਦਰਬਾਰ ਦੇ ਅੰਦਰ ਸਭ ਦਰਬਾਰੀ ਨੱਚਣਗੇ

ਤੇਰਾ ਕੰਮ ਬਸ ਪਰਦੇ ਪਿੱਛੋਂ ਡੋਰ ਹਿਲਾਈ ਰੱਖਣਾ ਏ
ਕੁੱਤੇ, ਬਿੱਲੇ, ਰਿੱਛ ਤੇ ਬਾਂਦਰ, ਨਾਲ ਮਦਾਰੀ ਨੱਚਣਗੇ

ਤੇਰੇ ਹੱਥ ਬੰਦੂਕ ਏ ਬਾਬਾ, ਤੇਰੇ ਨੇ ਸਭ ਤਖ਼ਤੋ ਤਾਜ
ਕਿਸਦੀ ਜੁਰੱਅਤ ਕਿਸਨੂੰ ਨਈਂ ਏ ਜਾਨ ਪਿਆਰੀ ਨੱਚਣਗੇ

ਅੱਗਾਂ ਸੁੱਟਦੇ ਸੂਰਜ ਅੱਗੇ ਕੌਣ ਖੜਾ ਹੋ ਸਕਦਾ ਏ
ਮੁੱਲਾਂ, ਪੰਡਤ, ਚੋਰ ਉਚੱਕੇ ਸਭ ਦਰਬਾਰੀ ਨੱਚਣਗੇ

ਤੈਨੂੰ ਡਰ ਏ ਹਰ ਇੱਕ ਘਰ 'ਚੋਂ ਜ਼ਿੰਦਾ ਲਾਸ਼ਾਂ ਨਿਕਲਣ ਦਾ
ਮੈਂ ਕਹਿਨਾਂ ਵਾਂ ਗੱਲਾਂ ਨੇ, ਇਹ ਸਭ ਅਖ਼ਬਾਰੀ ਨੱਚਣਗੇ

•

ਬਾਕੀ ਗੱਲਾਂ ਫੇਰ ਕਰਾਂਗੇ
ਅੱਜ ਮੁਹੱਬਤ ਢੇਰ ਕਰਾਂਗੇ

ਆਪਣਾ ਸੂਰਜ ਆਪ ਉਗਾ ਕੇ
ਹੁਣ ਇੱਕ ਨਵੀਂ ਸਵੇਰ ਕਰਾਂਗੇ

ਉਸ ਪਿੱਪਲੀ ਦੇ ਥੱਲੇ ਬਹਿ ਕੇ
ਗੱਲਾਂ ਕਾਫ਼ੀ ਦੇਰ ਕਰਾਂਗੇ

ਲਫ਼ਜ਼ ਪੁਰਾਣੇ ਬਦਲ ਦਿਆਂਗੇ
ਜ਼ਬਰਾਂ ਸਾਰੀਆਂ ਜ਼ੇਰ ਕਰਾਂਗੇ

ਕੀ ਮਾਸਾ, ਕੀ ਪਾਅ, ਛਟਾਂਕੀ
ਕਰਨਾ ਹੀ ਤੇ ਸੇਰ ਕਰਾਂਗੇ

•

ਉੱਜੜੇ ਰੁੱਖ ਦੀ ਟਹਿਣੀ ਏ
ਧੁੱਪਾਂ ਵਿੱਚ ਹੀ ਰਹਿਣੀ ਏ

ਸਾਰਾ ਜੀਵਨ ਖਾ ਜਾਂਦੀ ਏ
ਭੁੱਖ ਵੀ ਯਾਰ ਕਲਹਿਣੀ ਏ

ਨ੍ਹੇਰਿਆਂ ਵਿੱਚ ਜੋ ਜੰਮੀ ਸੀ
ਨ੍ਹੇਰਿਆਂ ਵਿੱਚ ਹੀ ਰਹਿਣੀ ਏ

ਕਿਸਮਤ-ਕਿਸਮਤ ਕਰਨਾ ਏ
ਕਿਸਮਤ ਕਿੱਥੋਂ ਲੈਣੀ ਏ

ਸਾਰੀ ਗੱਲ ਮੁਕਾ ਆਇਆਂ ਏ
ਹੁਣ ਕੀ ਝੱਲਿਆ ਕਹਿਣੀ ਏ

•

ਅੱਖ ਦਾ ਮੰਜ਼ਰ ਜਾਗ ਪਿਆ ਏ
ਮਤਲਬ ਅੰਦਰ ਜਾਗ ਪਿਆ ਏ

ਤੂੰ ਅੰਬਰਾਂ ਵਲ ਵੇਖ ਰਿਹਾਂ ਏਂ
ਯਾਨੀ ਅੰਬਰ ਜਾਗ ਪਿਆ ਏ

ਜਲਥਲ-ਜਲਥਲ ਸ਼ਿਅਰਾਂ ਅੰਦਰ
ਸੋਚ ਸਮੰਦਰ ਜਾਗ ਪਿਆ ਏ

ਹੁਣ ਨਈਂ ਸਿਰ ਸਲਾਮਤ ਰਹਿਣੇ
ਸੁੱਤਾ ਲਸ਼ਕਰ ਜਾਗ ਪਿਆ ਏ

ਲੰਬੜਾ ਤੇਰੀ ਖ਼ੈਰ ਨਈਂ ਲੱਗਦੀ
ਕਾਮੇ ਦਾ ਘਰ ਜਾਗ ਪਿਆ ਏ

•

ਅੱਖਾਂ ਉੱਤੋਂ ਪੱਟੀ ਲਾਹ ਕੇ ਹੁਣ ਤਾਂ ਬੰਦਿਆ ਜਾਗ
ਫੁੱਲਾਂ ਦੇ ਪਰਛਾਵੇਂ ਓਹਲੇ ਸ਼ੂਕਣ ਕਾਲੇ ਨਾਗ

ਅਸਮਾਨਾਂ ‘ਤੇ ਲਹੂ ਦੇ ਬੱਦਲ ਰੱਤ ਪਏ ਬਰਸਾਣ
ਧਰਤੀ ਵਿੱਚੋਂ ਭਾਂਬੜ ਉੱਠਣ, ਸੜਦੇ ਜਾਵਣ ਬਾਗ

ਧੱਸੀਆਂ ਅੱਖਾਂ, ਫੰਡਰ ਸੀਨੇ ਅੰਦਰੋਂ ਕੌੜੇ ਜ਼ਹਿਰ
ਐਨੇ ਭੈੜੇ ਕਦੇ ਨਾ ਵੇਖੇ ਦਰਿਆਵਾਂ ਦੇ ਭਾਗ

ਇੰਝ ਲੱਗਦਾ ਏ ਚਿੜੀਆਂ ਪਿੱਛੇ ਫੇਰ ਸ਼ਿਕਾਰੀ ਆਏ
ਅਸਮਾਨਾਂ ਤੋਂ ਸਿਰ 'ਤੇ ਚੁੱਕਣ ਰੌਲਾ ਪਾ ਪਾ ਕਾਗ

ਓਹਦੀ ਯਾਦ ਦੀ ਬੁੱਕਲ ਮਾਰ ਕੇ ਸਾਨੂੰ ਯਾਰ ਸ਼ਗ਼ੀਰ
ਹਾੜ ਜੇਠ ਤੋਂ ਤੱਤਾ ਲੱਗੇ ਕੋਹਰਾ ਸੁੱਟਦਾ ਮਾਘ

•

ਆਪਣੀ-ਆਪਣੀ ਗੱਲ ਕਰੋ ਤੇ ਆਪਣੇ ਢੰਗ ਦੇ ਨਾਲ
ਕਿਉਂ ਭਰਦੇ ਓ ਫਿੱਕੇ ਵਰਕੇ ਮੰਗਵੇਂ ਰੰਗ ਦੇ ਨਾਲ

ਹਾਸੇ ਲੈਣ ਗਿਆ ਸੀ ਪੁੱਤਰ ਸੱਤ ਸਮੁੰਦਰ ਪਾਰ
ਰਾਹਵਾਂ ਤੱਕ ਤੱਕ ਮਰ ਗਿਆ ਅੱਬਾ ਵੱਢੀ ਖੰਘ ਦੇ ਨਾਲ

ਵੇਖ ਮੁਹੱਬਤ ਬਾਕੀ ਰਹਿਣੀ ਇਸ ਦੁਨੀਆ ਤੋਂ ਬਾਅਦ
ਦੋਵਾਂ ਪਾਸੇ ਕੁਝ ਨਈਂ ਬਚਣਾ ਭੈੜੀ ਜੰਗ ਦੇ ਨਾਲ

ਗ਼ਲੀਆਂ ਦੇ ਵਿੱਚ ਵਾਲ਼ ਖਲਾਰੀਂ ਫੋਲ ਰਹੀਂ ਏ ਕੱਖ
ਕੀ ਰਿਸ਼ਤਾ ਏ ਤੇਰਾ ਕੁੜੀਏ ਟੁੱਟੀ ਵੰਗ ਦੇ ਨਾਲ

ਨਾ ਮੈਂ ਸੱਸੀ ਨਾ ਮੈਂ ਪੁੰਨੂ ਨਾ ਰਾਂਝਾ ਨਾ ਹੀਰ
ਥੋੜਾ ਬਹੁਤ ਤਾਅਲੁੱਕ ਏ, ਬਸ ਮੇਰਾ ਝੰਗ ਦੇ ਨਾਲ

•

ਇਹ ਨਾ ਸਮਝੀਂ ਤੇਰੇ ਨਾਲ ਮੁਹੱਬਤ ਨਈਂ
ਹਾਂ ਬਸ ਅੱਜਕਲ੍ਹ ਪਹਿਲੇ ਵਰਗੀ ਸ਼ਿੱਦਤ ਨਈਂ

ਤੇਰੀਆਂ ਸਾਰੀਆਂ ਗ਼ਜ਼ਲਾਂ ਵੇਖ ਕੇ ਬੈਠਾਂ ਵਾਂ
ਗ਼ਜ਼ਲਾਂ ਨੇ ਪਰ ਗ਼ਜ਼ਲਾਂ ਦੇ ਵਿੱਚ ਜਿੱਦਤ ਨਈਂ

ਮੇਲੇ ਵਿੱਚ ਖਲੋਤੇ ਉੱਜੜੇ ਰੁੱਖ ਵਰਗਾ
ਜਿਸਨੂੰ ਯਾਰ ਮੁਅੱਸਰ ਤੇਰੀ ਸੰਗਤ ਨਈਂ

ਜੋ ਪੁੱਛਣਾਂ ਏਂ ਸਭ ਦੇ ਸਾਹਵੇਂ ਪੁੱਛ ਮੀਆਂ
ਕੰਡੋਂ ਪਿੱਛੇ ਗੱਲ ਕਰਨ ਦੀ ਆਦਤ ਨਈਂ

ਸਾਡੇ ਲਈ ਅੱਜ ਸ਼ਹਿਰ ਦਾ ਹਾਕਮ ਰੋਇਆ ਏ
ਹੋ ਸਕਦਾ ਏ ਖ਼ਾਬ ਸਗ਼ੀਰ ਹਕੀਕਤ ਨਈਂ

ਉਮਰਾਂ ਲੰਘੀਆਂ ਐਸ ਸੁਖ਼ਨ ਨੂੰ ਲਿਖਣ 'ਤੇ
ਇੱਕ ਦੋ ਦਿਨ ਦੀ ਯਾਰ ਸਗ਼ੀਰ ਰਿਆਜ਼ਤ ਨਈਂ

ਯਾਰ ਕਵ੍ਹਾਂ ਤੇ ਬੁਗ਼ਜ਼ ਵੀ ਰੱਖਾਂ ਸੀਨੇ ਵਿੱਚ
ਮੇਰੀ ਇੰਝ ਦੀ ਯਾਰ ਸਗ਼ੀਰ ਤਬੀਅਤ ਨਈਂ

•

ਮੱਥੇ ਉੱਤੇ ਡਿੱਗੇ ਵਾਲ਼ ਸਵਾਰੇਗਾ
ਹਾਏ ਓ ਰੱਬਾ! ਪਾਗਲ ਕਰਕੇ ਮਾਰੇਗਾ

ਨਜ਼ਮ ਨਸ਼ੀਲੇ ਨਸ਼ਿਆਂ ਦੇ ਵਿੱਚ ਡੁੱਬੇਗੀ
ਦਾਰੂ ਵਰਗੇ ਮਸਤ ਖ਼ਿਆਲ ਉਤਾਰੇਗਾ

ਸੀਟੀ ਮਾਰ ਕੇ ਮੰਜ਼ਿਲ ਕੋਲ਼ ਬੁਲਾਵੇਗਾ
ਫੇਰ ਉਹ ਮੰਜ਼ਿਲ ਆਪਣੇ ਸਿਰ ਤੋਂ ਵਾਰੇਗਾ

ਕੰਧਾਂ ਵਿਚੋਂ ਭੁਰ-ਭੁਰ ਅੱਥਰੂ ਡੁੱਲ੍ਹਣਗੇ
ਸ਼ਿਅਰਾਂ ਦੇ ਵਿੱਚ ਐਸਾ ਦਰਦ ਖਿਲਾਰੇਗਾ

ਉਸ ਦਿਨ ਡੋਰੀ ਟੁੱਟ ਜਾਣੀ ਏਂ ਸਾਹਵਾਂ ਦੀ
ਅਸਮਾਨਾਂ ਤੋਂ ਜਿਸ ਦਿਨ ਪੀਂਘ ਹੁਲਾਰੇਗਾ

•

ਸੋਚਾਂ ਕਿਧਰੇ ਪਾਸੇ ਰੱਖ
ਬੁੱਲ੍ਹੀਆਂ ਉੱਤੇ ਹਾਸੇ ਰੱਖ

ਐਡੇ ਕੌੜੇ ਬੋਲ ਨਾ ਬੋਲ
ਗੱਲਾਂ ਵਿੱਚ ਪਤਾਸੇ ਰੱਖ

ਮੇਰਾ ਜੋਬਨ ਮੇਰਾ ਨਈਂ
ਅੱਖੀਆਂ ਵਿੱਚ ਨਾ ਕਾਸੇ ਰੱਖ

ਜੇ ਤੂੰ ਜੀਣਾ ਚਾਹਨਾਂ ਏਂ
ਥੋੜ੍ਹੇ ਖ਼ਾਬ ਪਿਆਸੇ ਰੱਖ

ਭੁੱਲ ਨਾ ਜਾਈਂ ਯਾਰਾਂ ਨੂੰ
ਸਾਂਭ ਕੇ ਯਾਰ ਅਸਾਸੇ ਰੱਖ

•

ਭਾਵੇਂ ਇੱਕ ਦੋ ਸਾਲ ਰਿਹਾ ਵਾਂ
ਕੁਝ ਤੇ ਤੇਰੇ ਨਾਲ ਰਿਹਾ ਵਾਂ

ਲੈ ਜਾ ਮਸਤ ਸ਼ਰਾਬੀ ਅੱਖਾਂ
ਆਪਣਾ ਆਪ ਸੰਭਾਲ ਰਿਹਾ ਵਾਂ

ਜੇ ਤੂੰ ਦਰਦ ਹਿਜਰ ਦਾ ਜਰਿਆ
ਮੈਂ ਵੀ ਬਹੁਤ ਨਿਢਾਲ ਰਿਹਾ ਵਾਂ

ਸੱਧਰਾਂ ਦੇ ਦਰਬਾਰ 'ਤੇ ਅੱਜ ਵੀ
ਲਹੂ ਦੇ ਦੀਵੇ ਬਾਲ ਰਿਹਾ ਵਾਂ

ਸੂਰਜ ਦੀ ਛਾਤੀ 'ਤੇ ਤੁਰ ਕੇ
ਠਰਿਆ ਖ਼ੂਨ ਉਬਾਲ ਰਿਹਾ ਵਾਂ

•

ਫ਼ਸਲਾਂ ‘ਤੇ ਪ੍ਰਧਾਨ ਖੜ੍ਹੇ ਸੀ
ਖਾਲੀ ਹੱਥ ਕਿਸਾਨ ਖੜ੍ਹੇ ਸੀ

ਬੁੱਲ੍ਹੀਆਂ ਉੱਤੇ ਚੁੱਪ ਸਮੰਦਰ
ਸੀਨਿਆਂ ਵਿੱਚ ਤੂਫ਼ਾਨ ਖੜ੍ਹੇ ਸੀ

ਕਿੰਨੇ ਵਰ੍ਹਿਆਂ ਬਾਅਦ ਮਿਲੇ ਸੀ
ਪਰ ਦੋਵੇਂ ਅਣਜਾਣ ਖੜ੍ਹੇ ਸੀ

ਇੱਕੋ ਰਸਤਾ ਰੌਸ਼ਨ ਸੀ ਬਸ
ਬਾਕੀ ਸਭ ਵੀਰਾਨ ਖੜ੍ਹੇ ਸੀ

ਜਿਹੜੇ ਦਰ ਦੀ ਕਦਰ ਨਾ ਜਾਣੀ
ਓਸੇ ਦਰ ‘ਤੇ ਆਣ ਖੜ੍ਹੇ ਸੀ

•

ਬਚ ਤੇ ਜਾਂਦਾ ਪਰ ਉਹ ਆਖ਼ਰ ਫੜਕ ਗਿਆ
ਦਿਲ ਦੇ ਵਰਗਾ ਲਾਲ ਕਬੂਤਰ ਫੜਕ ਗਿਆ

ਵਰ੍ਹਿਆਂ ਬਾਅਦ ਤੇ ਅੱਖ ਨੇ ਮੰਜ਼ਰ ਤੱਕਿਆ ਸੀ
ਅੱਖ ਲਰਜ਼ੀ ਤੇ ਸਾਰਾ ਮੰਜ਼ਰ ਫੜਕ ਗਿਆ

ਕੱਲ੍ਹ ਇੱਕ ਪੰਡਿਤ ਮਸਜਿਦ ਢਾਹਣ ਦਾ ਆਖਿਆ ਸੀ
ਰਾਤ ਗਈ ਤੇ ਅੱਜ ਇੱਕ ਮੰਦਿਰ ਫੜਕ ਗਿਆ

ਪੁੱਤਰ ਦੇ ਹੱਥ ਗਲਮਾ ਵੇਖ ਕੇ ਅੱਬੇ ਦਾ
ਸਹੁੰ ਏ ਰੱਬ ਦੀ ਮੇਰਾ ਅੰਦਰ ਫੜਕ ਗਿਆ

ਮੈਂ ਉਹ ਸੁਪਨਾ ਵੇਖ ਲਿਆ ਏ ਮੁਰਸ਼ਦ ਜੀ
ਜੀਹਨੂੰ ਜਿਸ ਵੀ ਤੱਕਿਆ ਅਕਸਰ ਫੜਕ ਗਿਆ

ਮਾਂ ਦੀ ਅੱਖ 'ਚ ਹੰਝੂ ਵੇਖ ਕੇ ਯਾਰ ਸਗ਼ੀਰ
ਚੀਕਾਂ ਮਾਰਦਾ ਇੱਕ ਸਮੰਦਰ ਫੜਕ ਗਿਆ

•

ਉੱਥੇ ਸਾਰੇ ਭੇਸ ਪਰਾਏ
ਮੈਂ ਨਈਂ ਜਾਣਾ ਦੇਸ ਪਰਾਏ

ਵੇਖੋ ਠੰਢੀਆਂ ਰਾਤਾਂ ਅੰਦਰ
ਮੰਗਦੀ ਫਿਰਦੀ ਖੇਸ ਪਰਾਏ

ਲੋਕੋ ਮੇਰੇ ਘਰ ਵਿੱਚ ਵੇਖੋ
ਵੱਜਦੇ ਫਿਰਨ ਕਲੇਸ ਪਰਾਏ

ਕੀ ਲਿਖਿਆ ਈ ਚਿੱਠੀਆਂ ਅੰਦਰ
ਹੋ ਗਏ ਸਭ ਸੰਦੇਸ ਪਰਾਏ

ਖ਼ਬਰੇ ਕਿਉਂ ਅੱਜ ਘਰ ਦੇ ਅੰਦਰ
ਦਿਸਣ ਮੈਨੂੰ ਭੇਸ ਪਰਾਏ

•

ਕਾਲ਼ੀ ਰਾਤ ਨੂੰ ਟਾਲ ਕੇ ਰੱਖੀਂ
ਦਿਲ ਦਾ ਦੀਵਾ ਬਾਲ ਕੇ ਰੱਖੀਂ

ਦਾਰੂ ਸਮਝ ਕੇ ਪੀ ਜਾਵਾਂਗਾ
ਸਾਰੇ ਦੁੱਖ ਉਬਾਲ ਕੇ ਰੱਖੀਂ

ਮੇਰੀ ਮੁੰਦਰੀ, ਮੇਰੇ ਛੱਲੇ
ਮੇਰੇ ਖ਼ਤ ਸੰਭਾਲ ਕੇ ਰੱਖੀਂ

ਮੇਰੇ ਦਿਲ ਵਿੱਚ ਰਹਿਣਾ ਈਂ ਤੇ
ਆਪਣੀ ਸੋਚ ਹੰਗਾਲ ਕੇ ਰੱਖੀਂ

ਜੇ ਰੁੱਤਾਂ ਨੂੰ ਖ਼ੁਸ਼ਬੂ ਵੰਡਣੀ
ਆਪਣੀ ਜ਼ੁਲਫ਼ ਖਿਲਾਰ ਕੇ ਰੱਖੀਂ

•

ਦਿਲਾਂ ਵਿੱਚ ਖੁੱਭ ਜਾਵੇ ਯਾਰ ਵਾਲਾ ਕਾਫ਼ੀਆ
ਇਹੋ ਜਿਹਾ ਦੱਸ ਮੈਨੂੰ ਪਿਆਰ ਵਾਲਾ ਕਾਫ਼ੀਆ

ਸਿੱਧੀ-ਸਿੱਧੀ ਗੱਲ ਹੋਵੇ, ਸਿੱਧਾ-ਸਿੱਧਾ ਸ਼ਿਅਰ ਜੀ
ਕਾਹਦੇ ਲਈ ਉਲੀਕਣਾ ਖਿਲਾਰ ਵਾਲਾ ਕਾਫ਼ੀਆ

ਪਿਆਰ ਦੀ ਰਦੀਫ਼ ਹੋਵੇ, ਨਸ਼ਿਆਂ ਦੀ ਬਹਿਰ ਵੀ
ਅੱਖੀਆਂ 'ਤੇ ਬੰਨ੍ਹ ਦੇ, ਖ਼ੁਮਾਰ ਵਾਲਾ ਕਾਫ਼ੀਆ

ਨਕਦਾਂ 'ਚ ਲੱਭ ਜਾਂਦੀ ਹਰ ਚੀਜ਼ ਵਧੀਆ
ਬੰਨ੍ਹਿਆ ਨਈਂ ਏਸ ਲਈ ਉਧਾਰ ਵਾਲਾ ਕਾਫ਼ੀਆ

ਹਿਜਰਾਂ ਦੀ ਪੀੜ ਅਸੀਂ ਲਿਖ-ਲਿਖ ਮਰ ਗਏ
ਲੱਭਿਆ ਨਾ ਕੌਲ਼ ਤੇ ਕਰਾਰ ਵਾਲਾ ਕਾਫ਼ੀਆ

ਆਪਣੇ ਦੋ ਟਕਿਆਂ ਨੂੰ ਸਾਂਭ ਕੇ ਤੂੰ ਰੱਖ ਲੈ
ਕਦੀ ਵੀ ਨਈਂ ਦੇਣਾ ਮੈਂ ਹਜ਼ਾਰ ਵਾਲਾ ਕਾਫ਼ੀਆ

ਤੇਰੇ ਰੰਗ ਰੂਪ ਨੂੰ ਉਲੀਕਨਾ ਏਂ ਸੋਹਣਿਆਂ
ਲੱਭ ਕੇ ਲਿਆਇਆ ਵਾਂ ਬਹਾਰ ਵਾਲਾ ਕਾਫ਼ੀਆ

•

ਪਹਿਲੇ ਉਸ ਦੇ ਨਾਮ ਨੂੰ ਰੱਜ ਕੇ ਚੁੰਮਾਂਗਾ
ਫੇਰ ਉਸ ਦੇ ਪੈਗ਼ਾਮ ਨੂੰ ਰੱਜ ਕੇ ਚੁੰਮਾਂਗਾਂ

ਪਹਿਲੇ ਜਾਮ 'ਚ ਉਸ ਦੇ ਹੋਂਠ ਨਿਚੋੜਾਂਗਾਂ
ਫੇਰ ਉਸ ਅੰਮ੍ਰਿਤ ਜਾਮ ਨੂੰ ਰੱਜ ਕੇ ਚੁੰਮਾਂਗਾ

ਪਹਿਲੇ ਉਸ ਨੂੰ ਪਿਆਰ ਦੀ ਮੁੰਦਰੀ ਘੱਲਾਂਗਾ
ਫੇਰ ਉਸ ਦੇ ਅੰਜਾਮ ਨੂੰ ਰੱਜ ਕੇ ਚੁੰਮਾਂਗਾ

ਇੱਕ ਕੁਪੱਤੀ ਰਾਤ ਨੂੰ ਸੂਲ਼ੀ ਚਾੜਾਂਗਾ
ਇੱਕ ਨਸ਼ੀਲੀ ਸ਼ਾਮ ਨੂੰ ਰੱਜ ਕੇ ਚੁੰਮਾਂਗਾ

ਜਿਸ ਨੇ ਸੂਰਜ ਸਾੜ ਕੇ ਚਾਨਣ ਵੰਡਿਆ ਏ
ਉਸ ਦੇ ਦਰ ਤੇ ਬਾਮ ਨੂੰ ਰੱਜ ਕੇ ਚੁੰਮਾਂਗਾ

•

ਨਿੱਤ ਨਵੀਂ ਰੋਜ਼ ਦੀ ਰਦੀਫ਼ ਹੋਣੀ ਚਾਹੀਦੀ
ਸ਼ਿਅਰਾਂ ਵਿੱਚ ਸੱਜਰੀ ਰਦੀਫ਼ ਹੋਣੀ ਚਾਹੀਦੀ

ਨੇਰ੍ਹਿਆਂ 'ਚ ਬੈਠ ਕੇ ਸਵੇਰਿਆਂ ਨੂੰ ਲੀਕਦੇ
ਕਿਧਰੇ ਤਾਂ ਰੌਸ਼ਨੀ ਰਦੀਫ਼ ਹੋਣੀ ਚਾਹੀਦੀ

ਪੈਰਾਂ ਵਿੱਚ ਬੰਨ੍ਹ ਲੈ ਤੂੰ ਘੁੰਗਰੂ ਖ਼ਿਆਲ ਦੇ
ਗੀਤਾਂ ਵਿੱਚ ਨੱਚਦੀ ਰਦੀਫ਼ ਹੋਣੀ ਚਾਹੀਦੀ

ਨੱਕ ਵਿੱਚ ਨੱਥਲੀ ਤੇ ਕੰਨਾਂ ਵਿੱਚ ਵਾਲ਼ੀਆਂ
ਵਲ਼ ਖਾਂਦੀ ਗੁੱਤਣੀ ਰਦੀਫ਼ ਹੋਣੀ ਚਾਹੀਦੀ

ਦਿਲ ਵਿੱਚ ਦੁੱਖ ਨੇ ਹਜ਼ਾਰ ਭਾਵੇਂ ਦੋਸਤਾ
ਬੁੱਲ੍ਹੀਆਂ 'ਤੇ ਹੱਸਦੀ ਰਦੀਫ਼ ਹੋਣੀ ਚਾਹੀਦੀ

ਸੀਨਿਆਂ ਨੂੰ ਖੋਲ੍ਹ ਕੇ ਤੇ ਵੰਡ ਲਉ ਮੁਹੱਬਤਾਂ
ਜੰਗਾਂ ਵਿੱਚ ਦੋਸਤੀ ਰਦੀਫ਼ ਹੋਣੀ ਚਾਹੀਦੀ

•

ਤਾਰਾ-ਤਾਰਾ ਦਹਿਕ ਰਿਹਾ ਏ
ਅੰਬਰ ਸਾਰਾ ਦਹਿਕ ਰਿਹਾ ਏ

ਇੰਝ ਲੱਗਦਾ ਏ ਸੀਨੇ ਅੰਦਰ
ਕੋਈ ਅੰਗਾਰਾ ਦਹਿਕ ਰਿਹਾ ਏ

ਤੇਰੇ ਹੋਂਠ ਦਾ ਗ਼ਜ਼ਲਾਂ ਅੰਦਰ
ਇਸਤਿਆਰਾ ਦਹਿਕ ਰਿਹਾ ਏ

ਵੇਖੀਂ ਮੈਨੂੰ ਹੱਥ ਨਾ ਲਾਵੀਂ
ਪਿੰਡਾ ਸਾਰਾ ਦਹਿਕ ਰਿਹਾ ਏ

ਕੱਚੇ ਘਰ ਵਿੱਚ ਕੌਣ ਹੈ ਆਇਆ
ਮਿੱਟੀ ਗਾਰਾ ਦਹਿਕ ਰਿਹਾ ਏ

ਮੇਰੀ ਅੱਖ ਦਾ ਯਾਰ ਸਗ਼ੀਰਾ
ਫੇਰ ਕਿਨਾਰਾ ਦਹਿਕ ਰਿਹਾ ਏ

•

ਹਉਕੇ ਤੇ ਬਸ ਹਾਵਾਂ ਦਾ
ਕਰੀਏ ਕੀ ਹੁਣ ਸਾਹਵਾਂ ਦਾ

ਕਿੰਨੀ ਛੇਤੀ ਲੰਘ ਗਿਆ
ਚੇਤਰ ਤੇਰੀਆਂ ਬਾਹਵਾਂ ਦਾ

ਅੱਜ ਵੀ ਪੁੱਛਦਾ ਫਿਰਨਾਂ ਵਾਂ
ਤੇਰੇ ਘਰ ਦੀਆਂ ਰਾਹਵਾਂ ਦਾ

ਕੋਈ ਤੇ ਆਣ ਕੇ ਡੱਕੇਗਾ
ਅੰਨ੍ਹਾ ਜ਼ੋਰ ਹਵਾਵਾਂ ਦਾ

ਦੱਸੋ ਕਿਹੜਾ ਕਾਤਿਲ ਏ
ਸੀਨੇ ਦੱਬੀਆਂ ਚਾਵਾਂ ਦਾ

ਕੈਦੀ ਹੋ ਕੇ ਰਹਿ ਗਿਆਂ ਵਾਂ
ਤੇਰੀਆਂ ਸੰਦਲ ਬਾਹਵਾਂ ਦਾ

ਹਰ ਇੱਕ ਗੱਲ 'ਕੇ ਕਾਂ ਕਾਂ ਕਾਂ
ਕੰਮ ਏ ਅਸਲੀ ਕਾਵਾਂ ਦਾ

ਕੀ ਬਣਿਆ ਏ ਦੱਸ ਜ਼ਰਾ
ਤੇਰੇ ਝੂਠ ਖ਼ੁਦਾਵਾਂ ਦਾ

ਭਾਵੇਂ ਯੂਸਫ਼ ਸੁੱਟਿਆ ਸੀ
ਫਿਰ ਵੀ ਮਾਣ ਭਰਾਵਾਂ ਦਾ

•

ਜਿਹੜਾ ਵੀ ਅੱਜ ਚੁੱਪ ਦੇ ਜੰਦਰੇ ਤੋੜੇਗਾ
ਐਸ ਅੱਥਰੇ ਦਰਿਆ ਦਾ ਰਸਤਾ ਮੋੜੇਗਾ

ਉਹ ਹਾਕਮ ਦੇ ਰੂਪ 'ਚ ਜੰਗਲੀ ਵਹਿਸ਼ੀ ਏ
ਸ਼ਾਹਰਗ ਵੱਢ ਕੇ ਸਾਰਾ ਖ਼ੂਨ ਨਿਚੋੜੇਗਾ

ਹੁਣ ਅਸਮਾਨੋਂ ਕਿਸ ਨੇ ਆਣ ਜਗਾਣਾ ਏਂ
ਹੁਣ ਧਰਤੀ ਨੂੰ ਕਿਹੜਾ ਆਣ ਝੰਜੋੜੇਗਾ

ਇੱਕ ਉਸ ਦੀ ਤਸਵੀਰ ਬਣਾਵਣ ਦੀ ਖ਼ਾਤਰ
ਅੰਬਰ ਧਰਤੀ ਚੰਨ ਸਿਤਾਰੇ ਜੋੜੇਗਾ

ਪਹਿਲੇ ਤੇਰੇ ਗਲ਼ ਵਿੱਚ ਰੱਸੀ ਸੁੱਟੇਗਾ
ਫਿਰ ਰੱਸੀ ਦੇ ਦੋਵੇਂ ਸਿਰੇ ਮਰੋੜੇਗਾ

ਤੂੰ ਵੇਲ਼ੇ ਦੇ ਅੱਗੇ ਸੀਨਾ ਤਾਣ ਖਲੋ
ਵੇਲ਼ਾ ਤੇਰੇ ਅੱਗੇ ਲੱਗ ਕੇ ਦੌੜੇਗਾ

•

ਪਲ-ਪਲ ਅੰਦਰ ਪਲਦੀਆਂ ਸੋਚਾਂ
ਆਵਣ ਵਾਲੇ ਕੱਲ੍ਹ ਦੀਆਂ ਸੋਚਾਂ

ਤੂੰ ਦਰਿਆ ਏਂ ਤੂੰ ਕੀ ਜਾਣੇ
ਧੁੱਪੇ ਸੜਦੇ ਥਲ ਦੀਆਂ ਸੋਚਾਂ

ਤੂੰ ਅੰਬਰ 'ਤੇ ਮੈਂ ਆਂ ਧਰਤੀ
ਤਾਹੀਉਂ ਤੇ ਨਈਂ ਰਲਦੀਆਂ ਸੋਚਾਂ

ਘੁੱਪ ਹਨੇਰੀਆਂ ਰਾਤਾਂ ਅੰਦਰ
ਸੂਰਜ ਵਾਂਗੂੰ ਬਲਦੀਆਂ ਸੋਚਾਂ

ਮੈਨੂੰ ਵੀ ਤੇ ਦੱਸਦੇ ਬੀਬਾ
ਤੈਨੂੰ ਕਿਹੜੀ ਗੱਲ ਦੀਆਂ ਸੋਚਾਂ

ਏਹੋ ਹਰਦਮ ਸੋਚੀਂ ਜਾਵਾਂ
ਕਿਵੇਂ ਸਿਰ ਤੋਂ ਟਲਦੀਆਂ ਸੋਚਾਂ

ਕਿੰਨੇ ਵਰ੍ਹਿਆਂ ਬਾਅਦ ਸਗ਼ੀਰਾ
ਉੱਠੀਆਂ ਅੱਖਾਂ ਮਲਦੀਆਂ ਸੋਚਾਂ

•

ਰੋਂਦੀ ਅੱਖ ਨੂੰ ਮੰਗਵੇਂ ਹਾਸੇ ਦੇਣੇ ਨਈਂ
ਮੈਂ ਸੱਧਰਾਂ ਨੂੰ ਹੋਰ ਦਿਲਾਸੇ ਦੇਣੇ ਨਈਂ

ਤੂੰ ਖ਼ੁਸ਼ੀਆਂ ਦਾ ਝੂਠਾ ਸੱਦਾ ਘੱਲੀਂ ਨਾ
ਮੈਂ ਸ਼ਗਨਾਂ ਦੇ ਖੰਡ ਪਤਾਸੇ ਦੇਣੇ ਨਈਂ

ਤੂੰ ਹੁਣ ਜੀਣ ਦੇ ਨਵੇਂ ਵਸੀਲੇ ਲੱਭੇਂਗਾ
ਮੈਂ ਮਿੱਟੀ ਵਿੱਚ ਦੱਬੇ ਕਾਸੇ ਦੇਣੇ ਨਈਂ

ਮੇਰੇ ਲਾਟੂ, ਮੇਰੇ ਬੰਟੇ ਨੱਪੋ ਨਾ
ਮੈਂ ਬਚਪਨ ਦੇ ਢੇਰ ਅਸਾਸੇ ਦੇਣੇ ਨਈਂ

ਮੈਂ ਹੁਣ ਪਿਆਰ ਦੀ ਮਿਸ਼ਰੀ ਘੋਲ ਕੇ ਪੀ ਲਈ ਏ
ਮੈਂ ਨਫ਼ਰਤ ਦੇ ਜ਼ਹਿਰ ਗੰਡਾਸੇ ਦੇਣੇ ਨਈਂ

•

ਸੱਤ ਸਮੰਦਰ ਪਾਰ ਦੀਆਂ
ਤਾਂਘਾਂ ਵਿਛੜੇ ਯਾਰ ਦੀਆਂ

ਅੱਜ ਵੀ ਸੀਨਾ ਠਾਰਦੀਆਂ
ਗੱਲਾਂ ਪਹਿਲੇ ਪਿਆਰ ਦੀਆਂ

ਕਦੀ-ਕਦੀ ਤੇ ਯਾਦਾਂ ਵੀ
ਦਿਲ ਤੇ ਛੁਰੀਆਂ ਮਾਰਦੀਆਂ

ਕਿਧਰੇ ਅੱਖ ਤੇ ਕਿਧਰੇ ਪੈਰ
ਸੋਚਾਂ ਕਿੰਝ ਖਿਲਾਰਦੀਆਂ

ਪਗੜੀ ਵੇਚ ਕੇ ਆਇਆ ਏ
ਅੱਖਾਂ ਤੱਕ ਸਰਦਾਰ ਦੀਆਂ

•

ਜਾ ਸੀਨੇ ਵਿੱਚ ਵੱਜਦਾ
ਜੇ ਮਿਸਰਾ ਹੋਵੇ ਚੱਜ ਦਾ

ਇੱਕ ਬੋਸਾ ਲਿੱਤਾ ਸੋਚ ਨੇ
ਹੁਣ ਖ਼ੂਨ ਰਗਾਂ ਵਿੱਚ ਭੱਜਦਾ

ਕੀ ਕੁਝ ਨਈਂ ਦਿੱਤਾ ਰੱਬ ਨੇ
ਪਰ ਬੰਦਾ ਨਈਂਓ ਰੱਜਦਾ

ਇੱਕ ਤੁਪਕਾ ਮੀਂਹ ਨਈਂ ਸੁੱਟਿਆ
ਫਿਰ ਬੱਦਲ ਕਿਉਂ ਏ ਗੱਜਦਾ

ਸਭ ਪੈਰਾਂ ਹੇਠ ਲਿਤਾੜਦੇ
ਕੋਈ ਐਬ ਨਾ ਏਥੇ ਕੱਜਦਾ

•

ਕਦੀ ਚੇਤੇ ਆਂਦੀ ਦਿਲਾਂ ਦੀ ਕਹਾਣੀ
ਮੈਂ ਵੰਝਲੀ 'ਤੇ ਗਾਂਦੀ ਦਿਲਾਂ ਦੀ ਕਹਾਣੀ

ਸੁਣਾਵਣ ਤੋਂ ਪਹਿਲੇ ਹੀ ਰੋ ਪਈਆਂ ਅੱਖੀਂਆਂ
ਕਿਵੇਂ ਦੱਸ ਲੁਕਾਂਦੀ ਦਿਲਾਂ ਦੀ ਕਹਾਣੀ

ਤੂੰ ਸੁਣਦਾ ਕਦੀ ਜੋ ਮੇਰੇ ਕੋਲ਼ ਬਹਿ ਕੇ
ਮੈਂ ਤੈਨੂੰ ਸੁਣਾਂਦੀ ਦਿਲਾਂ ਦੀ ਕਹਾਣੀ

ਮੈਂ ਕਿੱਕਰਾਂ ਦੀ ਰਾਣੀ ਮੈਂ ਰੋਹੀ ਦੀ ਹਾਣੀ
ਮੈਂ ਕਿੱਸਰਾਂ ਵਟਾਂਦੀ ਦਿਲਾਂ ਦੀ ਕਹਾਣੀ

ਮੈਂ ਆਪੇ ਹੀ ਪੀਤਾ ਸੀ ਪਿਆਲਾ ਜ਼ਹਿਰ ਦਾ
ਕਿਵੇਂ ਦੱਸ ਦਿਖਾਂਦੀ ਦਿਲਾਂ ਦੀ ਕਹਾਣੀ

•

ਜੇ ਆਖੇਂ ਕ੍ਰਿਸ਼ਮਾ ਦਿਖਾਵਾਂ ਗ਼ਜ਼ਲ ਦਾ
ਜੋ ਹੋਇਆ ਏ ਮਤਲਾ ਸੁਣਾਵਾਂ ਗ਼ਜ਼ਲ ਦਾ

ਮੈਂ ਸੂਰਜ ਨੂੰ ਗੁੜ੍ਹਤੀ ਦਿਆਂਗਾ ਫਜ਼ਰ ਦੀ
ਮੈਂ ਨੀਂਦਰ 'ਚੋਂ ਮਿਸਰਾ ਜਗਾਵਾਂ ਗ਼ਜ਼ਲ ਦਾ

ਤਰੱਨੁਮ, ਤਗ਼ੱਜ਼ੁਲ, ਤਖਈਅਲ ਰਵਾਨੀ
ਮੈਂ ਐਸਰਾਂ ਦਾ ਮੁੱਖੜਾ ਸਜਾਵਾਂ ਗ਼ਜ਼ਲ ਦਾ

ਮੈਂ ਅੰਬਰਾਂ 'ਚੋਂ ਤੋੜਾਂ ਖ਼ਿਆਲਾਂ ਦੇ ਮੋਤੀ
ਸਮੰਦਰ 'ਚੋਂ ਮਿਸਰਾ ਉਠਾਵਾਂ ਗ਼ਜ਼ਲ ਦਾ

ਜ਼ਰਾ ਦੇਰ ਰੁਕ ਤੇ ਸਹੀ ਮੇਰੇ ਹਮਦਮ
ਮੈਂ ਤੈਨੂੰ ਤੁਆਰਫ਼ ਕਰਾਵਾਂ ਗ਼ਜ਼ਲ ਦਾ

•

ਝੂਠੇ ਦਾਅਵੇਦਾਰ ਬੜੇ ਨੇ
ਅੱਜਕਲ੍ਹ ਮੇਰੇ ਯਾਰ ਬੜੇ ਨੇ

ਓਸੇ ਸ਼ਹਿਰ ਦਾ ਦੀਵਾ ਬੁਝਿਆ
ਜਿਹੜੀ ਥਾਂ ਦਰਬਾਰ ਬੜੇ ਨੇ

ਕੀ ਹੋਇਆ ਜੇ ਓਹ ਨਈਂ ਆਇਆ
ਸਾਨੂੰ ਵੀ ਕੰਮਕਾਰ ਬੜੇ ਨੇ

ਕੋਈ ਨਈਂ ਏਥੇ ਦਾਰੂ ਕਰਦਾ
ਵੇਖਣ ਨੂੰ ਗ਼ਮਖ਼ਾਰ ਬੜੇ ਨੇ

ਓਹਦੀ ਖ਼ੈਰ ਖ਼ਬਰ ਨਾ ਕੋਈ
ਛਪਦੇ ਨਿੱਤ ਅਖ਼ਬਾਰ ਬੜੇ ਨੇ

ਹੁਣ ਜੇ ਸੌਖਾ ਵੇਲ਼ਾ ਆਇਆ
ਆਲ ਦੁਆਲੇ ਯਾਰ ਬੜੇ ਨੇ

ਓਹਦੀ ਅੱਖ ਦਾ ਮੁੱਲ ਨਾ ਕੋਈ
ਦੁਨੀਆ ਵਿੱਚ ਸ਼ਾਹਕਾਰ ਬੜੇ ਨੇ

ਤੇਰੇ ਵਰਗਾ ਹੋਰ ਨਾ ਕੋਈ
ਮੇਰੇ ਜਿਹੇ ਫ਼ਨਕਾਰ ਬੜੇ ਨੇ

•

ਜਾਂ ਤੂੰ ਸਾਨੂੰ ਜਾਨੋਂ ਚੁੱਕ ਲੈ
ਨਈਂ ਤੇ ਦੁੱਖ ਜਹਾਨੋਂ ਚੁੱਕ ਲੈ

ਜਾਂ ਧਰਤੀ ਤੋਂ ਰਾਤ ਮੁਕਾ ਦੇ
ਜਾਂ ਸੂਰਜ ਅਸਮਾਨੋਂ ਚੁੱਕ ਲੈ

ਮਿੱਟੀ ਨੂੰ ਬਸ ਰਹਿਣ ਦੇ ਮਿੱਟੀ
ਸਾਰਾ ਜ਼ਹਿਰ ਇਨਸਾਨੋਂ ਚੁੱਕ ਲੈ

ਜਿਹੜੇ ਪਿਆਰ ਦੇ ਸੀਨੇ ਵੱਜਣ
ਐਸੇ ਤੀਰ ਕਮਾਨੋਂ ਚੁੱਕ ਲੈ

ਕੰਧਾਂ ਸਭ ਬਰਾਬਰ ਕਰਦੇ
ਸਾਰਾ ਫ਼ਰਕ ਮਕਾਨੋਂ ਚੁੱਕ ਲੈ

ਜਾਂ ਅੱਜ ਮੇਰੀ ਸੁਣ ਲੈ ਰੱਬਾ
ਜਾਂ ਫਿਰ ਹਰਫ਼ ਜ਼ੁਬਾਨੋਂ ਚੁੱਕ ਲੈ

•

ਇੰਝ ਸੀਨੇ ਵਿੱਚ ਤੇਰੀ ਯਾਦ ਉਤਾਰੀ ਏ
ਜਿਉਂ ਸੰਦਲ ਦੇ ਉੱਪਰ ਚੱਲਦੀ ਆਰੀ ਏ

ਏਥੋਂ ਸਾਡੇ ਦਿਨ ਦਾ ਸੂਰਜ ਚੜ੍ਹਦਾ ਸੀ
ਬੰਦ ਕਮਰੇ ਵਿੱਚ ਜਿੱਥੋਂ ਖੁੱਲਦੀ ਬਾਰੀ ਏ

ਹਾਲੀ ਭੈੜਾ ਇਸ਼ਕ ਮੁਕੰਮਲ ਹੋਇਆ ਨਈਂ
ਅੱਜ ਵੀ ਤਾਜ਼ਾ ਇਸ਼ਕ ਗ਼ਜ਼ਲ ਦਾ ਜਾਰੀ ਏ

ਮੈਂ ਸ਼ਾਇਰ ਹਾਂ ਸ਼ਾਇਰ ਓਸ ਕਬੀਲੇ ਦਾ
ਹਰ ਕੋਈ ਜਿੱਥੇ ਹਰ ਇੱਕ ਦਾ ਇਨਕਾਰੀ ਏ

ਅੱਜ ਵੀ ਦਿਲ ਨੂੰ ਚੈਨ ਨਈਂ ਆਇਆ ਤੇਰੇ ਬਿਨ
ਅੱਜ ਵੀ ਨਾਵਲ ਪੜ੍ਹ ਪੜ੍ਹ ਰਾਤ ਗੁਜ਼ਾਰੀ ਏ

ਏਥੇ ਕਿਧਰੇ ਰੁੱਖ ਹੁੰਦਾ ਸੀ ਵਿਹੜੇ ਵਿੱਚ
ਕਿਸ ਨੇ ਵੱਢਿਆ ਕਿਸ ਨੇ ਕੰਧ ਉਸਾਰੀ ਏ

ਉਸ ਦਾ ਰੂਪ ਜਿਵੇਂ ਫੁੱਲ ਖਿੜਿਆ ਚੇਤਰ ਦਾ
ਉਸ ਦਾ ਬਦਨ ਸਗ਼ੀਰ ਜਿਵੇਂ ਫੁਲਕਾਰੀ ਏ

•

ਦਿਲ ਦੀ ਧਰਤੀ ਉੱਜੜੀ ਜਾਂਦੀ ਕੋਲ ਕੋਈ ਨਾ ਆਵੇ
ਵਿਹਲੀ ਮੰਜੀ, ਸੁੰਞਾ ਵਿਹੜਾ ਵੱਢ ਵੱਢ ਮੈਨੂੰ ਖਾਵੇ

ਕੰਧਾਂ ਕੌਲੇ ਘੂਰੀ ਜਾਵਣ ਮੂੰਹ ਨੂੰ ਲਾ ਕੇ ਜਿੰਦੇ
ਜਿਹਨੂੰ ਵੀ ਮੈਂ ਗੱਲ ਕਰਾਂ ਉਹ ਅੱਗੋਂ ਨਾ ਪਰਤਾਵੇ

ਘੜਿਆਂ ਦੇ ਵਿੱਚ ਨੀਲਾ ਪਾਣੀ ਹਾਂਡੀ ਦੇ ਵਿੱਚ ਤੁੰਮੇ
ਹੱਡੀਆਂ ਦਾ ਇਹ ਪਿੰਜਰ ਦੱਸੋ ਕੀ ਪੀਵੇ ਕੀ ਖਾਵੇ

ਦੁਨੀਆ ਦੇ ਇਸ ਪਿੰਜਰੇ ਦੇ ਵਿੱਚ ਫਸਿਆ ਮੇਰਾ ਪਿੰਡਾ
ਰੂਹ ਮੇਰੀ ਵੀ ਉੱਡਣ ਦੇ ਲਈ ਸੌ-ਸੌ ਤਰਲੇ ਪਾਵੇ

ਮੇਰੇ ਘਰ ਵਿੱਚ ਲਾਸ਼ਾਂ ਪਈਆਂ ਸੜ ਗਏ ਸਾਰੇ ਖੇਤਰ
ਕਿਹੜੇ ਮੂੰਹ ਨਾਲ ਬੰਦਾ ਏਥੇ ਗੀਤ ਖ਼ੁਸ਼ੀ ਦੇ ਗਾਵੇ

ਹੁਣ ਤੇ ਯਾਰ ਸਗ਼ੀਰਾ ਕਿਧਰੇ ਜੰਗਲ ਨੂੰ ਟੁਰ ਚੱਲੀਏ
ਆਦਮ ਦੀ ਇਸ ਵਸਤੀ ਅੰਦਰ ਕੰਮ ਕੋਈ ਨਾ ਆਵੇ

•

ਸੱਧਰਾਂ ਦਾ ਮੈਂ ਜਾਲ ਵਿਛਾਇਆ
ਹੱਥ ਮੇਰੇ ਪਰ ਕੁਝ ਨਾ ਆਇਆ

ਭੁੱਖ ਕੁਲਹਿਣੀ ਸਾਨੂੰ ਖਾ ਗਈ
ਸਾਥੋਂ ਡਰਦਾ ਸਾਡਾ ਸਾਇਆ

ਸਾਡੇ ਘਰ ਦੀਆਂ ਕੱਚੀਆਂ ਕੰਧਾਂ
ਉੱਤੋਂ ਕਾਲ਼ਾ ਬੱਦਲ ਆਇਆ

ਕਿਧਰੇ ਲੋਕੀ ਖਾ-ਖਾ ਮਰਦੇ
ਕਿਧਰੇ ਭੁੱਖਾਂ ਮਾਰ ਮੁਕਾਇਆ

ਚੱਲ ਸਫ਼ੀਰਾ ਘਰ ਨੂੰ ਚੱਲੀਏ
ਏਧਰ ਓਧਰ ਦਿਲ ਕੀ ਲਾਇਆ

•

ਜੇ ਮੈਂ ਮੀਂਹ ਦਾ ਬੱਦਲ ਹੋਵਾਂ ਐਵੇਂ ਨਾ ਤਰਸਾਵਾਂ
ਇੱਕ ਵੀ ਪਿਆਸਾ ਰਵ੍ਹੇ ਨਾ ਬਾਕੀ ਐਨਾ ਮੀਂਹ ਵਰਸਾਵਾਂ

ਧੀਆਂ ਦੇ ਸਿਰ ਹੌਲੀ-ਹੌਲੀ ਚਿੱਟੇ ਹੁੰਦੇ ਜਾਵਣ
ਮੇਰੀ ਝੋਲ਼ੀ ਵਿਹਲੀ ਰੱਬਾ ਕਿਵੇਂ ਦੱਸ ਪਰਨਾਵਾਂ

ਵਾਹ ਓਏ ਬੰਦਿਆ! ਤੇਰੀਆਂ ਵੰਡਾਂ, ਸਦਕੇ ਜਾਵਾਂ ਤੇਰੇ
ਖ਼ੁਸ਼ੀਆਂ ਦੇ ਲਈ ਬੀਵੀ ਬੱਚੇ, ਦੁੱਖਾਂ ਦੇ ਲਈ ਮਾਵਾਂ?

ਰੋਂਦਾ ਬੱਚਾ ਵੇਖ ਕੇ ਰੱਬਾ, ਜੀਅ ਕਰਦਾ ਏ ਮੇਰਾ
ਤਾਰੇ ਤੋੜ ਕੇ ਅੰਬਰ ਤੋਂ ਮੈਂ ਏਹਦਾ ਜੀਅ ਪਰਚਾਵਾਂ

ਮੇਰੀ ਜਿੰਦੜੀ ਦੀਵੇ ਵਰਗੀ ਮੁੱਕਦੀ ਏ ਤੇ ਮੁੱਕੇ
ਏਸ ਹਨੇਰੀ ਰਾਤ ਨੂੰ ਖ਼ਬਰੇ ਰੌਸ਼ਨ ਮੈਂ ਕਰ ਜਾਵਾਂ

ਰੁੱਖਾਂ ਦੀ ਰਖਵਾਲੀ ਦੇ ਵਿੱਚ ਗ਼ਫ਼ਲਤ ਕਦੀ ਨਾ ਕਰਨਾ
ਸਿਰ 'ਤੇ ਰਹਿਣ ਸਲਾਮਤ ਇਹ ਤੇ, ਦੇਂਦੇ ਠੰਡੀਆਂ ਛਾਵਾਂ

ਮੈਨੂੰ ਮਾੜਾ ਜਾਣ ਕੇ ਐਵੇਂ ਘੂਰੀ ਨਾ ਤੂੰ ਪਾਵੀਂ
ਜੇ ਕੋਈ ਮੈਲੀ ਅੱਖੋਂ ਵੇਖੇ, ਲਾਸ਼ਾਂ ਆਣ ਵਿਛਾਵਾਂ

•

ਮੇਰੇ ਆਲ ਦੁਆਲੇ ਖੜੀਆਂ ਕੰਧਾਂ ਨੇ
ਆਪਣੀ ਛਾਂ ਤੋਂ ਆਪੇ ਡਰੀਆਂ ਕੰਧਾਂ ਨੇ

ਪਲਕਾਂ ਉੱਤੇ ਹੈਰਤ ਵਾਲੇ ਬੱਦਲ ਨੇ
ਖ਼ਬਰੇ ਕਿਹੜੇ ਰੋਗ 'ਚ ਮਰੀਆਂ ਕੰਧਾਂ ਨੇ

ਦੁਨੀਆ ਕੋਲੋਂ ਆਪਣਾ ਆਪ ਬਚਾਵਣ ਲਈ
ਆਪਸ ਦੇ ਵਿੱਚ ਕਿੱਸਰਾਂ ਜੁੜੀਆਂ ਕੰਧਾਂ ਨੇ

ਕੱਚੇ ਘਰ ਦੇ ਸੁਫ਼ਨੇ ਖੁਰਦੇ ਜਾਂਦੇ ਨੇ
ਪਾਣੀ ਉੱਤੇ ਕਿਸ ਨੇ ਧਰੀਆਂ ਕੰਧਾਂ ਨੇ

ਬੁੱਲ੍ਹਾਂ ਉੱਤੇ ਮੰਨਿਆ ਚੁੱਪ ਦੇ ਤਾਲੇ ਨੇ
ਬੰਦਿਆਂ ਕੋਲੋਂ ਫਿਰ ਵੀ ਖਰੀਆਂ ਗੱਲਾਂ ਨੇ

•

ਲੂੰ-ਲੂੰ ਦੇ ਵਿੱਚ ਪੀੜ ਜਗਾਵਣ ਲੱਗ ਪਏ ਨੇ
ਚੰਦਰੇ ਦਿਲ ਦੇ ਖ਼ਾਬ ਸਤਾਵਣ ਲੱਗ ਪਏ ਨੇ

ਹੁਣ ਤੇ ਸਿਰ ਤੋਂ ਚੁੱਕ ਲੈ ਰੱਬਾ ਭੁੱਖਾਂ ਨੂੰ
ਨਿੱਕੇ-ਨਿੱਕੇ ਬਾਲ ਕਮਾਵਣ ਲੱਗ ਪਏ ਨੇ

ਬੁੱਢੇ ਮਾਪੇ ਨੁੱਕਰਾਂ ਦੇ ਵਿੱਚ ਖੰਘਦੇ ਨੇ
ਪੁੱਤਰ ਸਾਰੇ ਨੈਣ ਚੁਰਾਵਣ ਲੱਗ ਪਏ ਨੇ

ਅੰਨ੍ਹੇ ਇਸ਼ਕ ਨੇ ਕਿੱਸਰਾਂ ਹੋਸ਼ ਭੁਲਾਏ ਨੇ
ਲੋਕੀ ਆਪਣਾ ਮਾਸ ਖਵਾਵਣ ਲੱਗ ਪਏ ਨੇ

ਮੈਂ ਜੇ ਦੱਸੇ ਦੁੱਖੜੇ ਕਿਧਰੇ ਮਿੱਤਰਾਂ ਨੂੰ
ਅੱਗੋਂ ਆਪਣੀ ਪੀੜ ਸੁਣਾਵਨ ਲੱਗ ਪਏ ਨੇ

ਵਿੱਚ ਮਜਬੂਰੀ ਡਿੱਗਦੀ ਫਿਰਦੀ ਤਿਤਲੀ ਨੂੰ
ਲੋਕੀ ਫੜ-ਫੜ ਜੀਅ ਭਰਮਾਵਣ ਲੱਗ ਪਏ ਨੇ

ਬਾਗਾਂ ਦੇ ਵਿੱਚ ਮਾਲੀ ਲਾਲ ਗੁਲਾਬਾਂ ਨੂੰ
ਆਪਣੇ ਹੱਥੀਂ ਆਪ ਲੁਟਾਵਣ ਲੱਗ ਪਏ ਨੇ

ਪਹਿਲਾਂ ਸ਼ਾਇਰ ਨਜ਼ਮਾਂ, ਗ਼ਜ਼ਲਾਂ ਕਹਿੰਦੇ ਸੀ
ਹੁਣ ਤੇ ਐਵੇਂ ਸ਼ਿਅਰ ਬਣਾਵਣ ਲੱਗ ਪਏ ਨੇ

•

ਅੱਗਾਂ ਉੱਤੇ ਤਰ ਜਾਵਾਂਗਾ
ਤੂੰ ਨਾ ਮਿਲਿਆ ਮਰ ਜਾਵਾਂਗਾ

ਮੈਨੂੰ ਆਪਣੇ ਕੋਲ ਬਿਠਾ ਲੈ
ਨਈਂ ਤੇ 'ਕੱਲ੍ਹਾ ਡਰ ਜਾਵਾਂਗਾ

ਤੇਰੀਆਂ ਨਿੱਘੀਆਂ ਸਾਹਾਂ ਬਾਝੋਂ
ਬਰਫ਼ਾਂ ਵਾਂਗਰ ਠਰ ਜਾਵਾਂਗਾ

ਭੁੱਖੇ ਬੱਚੇ ਕੀ ਖਾਵਣਗੇ
ਵੇਹਲੇ ਹੱਥ ਜੇ ਘਰ ਜਾਵਾਂਗਾ

ਤੇਰੇ ਬਾਝੋਂ ਜਿੰਦੜੀ 'ਕੱਲ੍ਹੀ
ਇੱਕ ਦਿਨ ਇਹ ਵੀ ਹਰ ਜਾਵਾਂਗਾ

•

ਦਿਲ ਚੰਦਰੇ ਦੇ ਖ਼ਾਲੀ ਵਰਕੇ ਸ਼ਾਮ ਸਵੇਰੇ ਥੱਲਾਂ
ਨਾ ਹੁਣ ਤੇਰੇ ਫੋਟੋ ਦਿਸਣ, ਨਾ ਹੁਣ ਤੇਰੀਆਂ ਗੱਲਾਂ

ਨਾ ਮੈਂ ਦਿਲ ਦਾ ਕੌੜਾ ਯਾਰੋ, ਨਾ ਮੈਂ ਦਿਲ ਵਿੱਚ ਰੱਖਾਂ
ਬਾਲਾਂ ਵਾਂਗੂੰ ਭੁੱਲ ਜਾਨਾਂ ਵਾਂ ਕੌੜੇ ਮੂੰਹ ਦੀਆਂ ਗੱਲਾਂ

ਦਰਿਆਵਾਂ ਦੀ ਬਸਤੀ ਦੇ ਵਿੱਚ ਕੱਚੇ ਘਰ ਨੇ ਸਾਡੇ
ਅੱਠੇ ਵੇਲ਼ੇ ਡਰ ਲੱਗਦਾ ਏ ਢਾਹ ਨਾ ਜਾਵਣ ਛੱਲਾਂ

ਇੱਕ ਪਾਸੇ ਨੇ ਸੱਪ ਤੇ ਠੂੰਹੇਂ ਦੂਜੇ ਪਾਸੇ ਦਲਦਲ
ਦੋਵੇਂ ਪਾਸੇ ਮੌਤ ਖੜੀ ਏ ਕਿਹੜਾ ਰਾਹ ਹੁਣ ਮੱਲਾਂ

ਧੁੱਪਾਂ ਦੇ ਵਿੱਚ ਟੁਰ-ਟੁਰ ਸੱਜਣਾ ਮੁੜਕਾ ਆ ਗਿਆ ਤੈਨੂੰ
ਜੀਅ ਕਰਦਾ ਏ ਕੋਲ਼ ਬਿਠਾਵਾਂ ਨਾਲੇ ਪੱਖੀਆਂ ਝੱਲਾਂ

ਸ਼ਹਿਤੋਂ ਮਿੱਠੜੇ ਪਲ ਸਨ ਜਿਹੜੇ ਤੇਰੇ ਨਾਲ ਗੁਜ਼ਾਰੇ
ਤੇਰੇ ਬਾਜੋਂ ਇੰਝ ਹੋਏ ਆਂ ਜਿਉਂ ਤੁੰਮੇ ਦੀਆਂ ਵੱਲਾਂ

•

ਸੂਰਜ ਚੰਨ ਸਿਤਾਰੇ ਰੋਵਣ
ਤੂੰ ਰੋਵੇਂ ਤੇ ਸਾਰੇ ਰੋਵਣ

ਤਾਰਾ ਲੇਖ ਦਾ ਅਰਸ਼ੋਂ ਟੁੱਟਿਆ
ਲੋਕੀ ਤਖ਼ਤ ਹਜ਼ਾਰੇ ਰੋਵਣ

ਸਾਡੇ ਘਰ ਦੀ ਖ਼ਾਹਿਸ਼ ਮਰ ਗਈ
ਸਾਡੇ ਦਿਲ ਦੇ ਤਾਰੇ ਰੋਵਣ

ਸ਼ਹੁ* ਖਾਵੇ ਦਰਿਆ ਵਿੱਚ ਗੋਤੇ
ਦੂਰੋਂ ਵੇਖ ਕਿਨਾਰੇ ਰੋਵਣ

ਹੱਕ ਮਿਟਾਵਣ ਖ਼ਾਤਰ ਜਿਹੜੇ
ਭਖਦੇ ਰਹੇ ਅੰਗਿਆਰੇ ਰੋਵਣ

*ਸ਼ਹੁ – ਮਹਿਬੂਬ

ਕਿਸਮਤ ਦੀ ਦਹਿਲੀਜ਼ ‘ਤੇ ਬਹਿ ਕੇ
ਕਿਸਮਤ ਦੇ ਦੁਤਕਾਰੇ ਰੋਵਣ

ਜੇਕਰ ਪੈਸਾ ਖ਼ੁਸ਼ੀਆਂ ਵੰਡੇ
ਕਾਹਤੋਂ ਰਾਜ ਦੁਲਾਰੇ ਰੋਵਣ

ਇੱਕ ਦੂਜੇ ਦੇ ਅਮਲਾਂ ਵੱਲੇ
ਵੇਖ ਕੇ ਏਥੇ ਸਾਰੇ ਰੋਵਣ

ਮੈਨੂੰ ਰੋਂਦਾ ਵੇਖ ਸਗ਼ੀਰਾ
ਅੱਧੀ ਰਾਤੀਂ ਤਾਰੇ ਰੋਵਣ

•

ਧਰਤੀ, ਅੰਬਰ, ਚੰਨ, ਸਿਤਾਰੇ ਜਾਗ ਪਏ
ਉਹ ਹੱਸਿਆ ਤੇ ਮੰਜ਼ਰ ਸਾਰੇ ਜਾਗ ਪਏ

ਕੱਲ੍ਹ ਸੁਪਨੇ ਵਿੱਚ ਗ਼ਜ਼ਲ ਪੁਰਾਣੀ ਛੇੜੀ ਸੀ
ਅੱਜ ਬੂਹੇ 'ਤੇ ਟੰਗੇ ਲਾਰੇ ਜਾਗ ਪਏ

ਜਦ ਚੇਤਰ ਦੀ ਅੱਖ 'ਚੋਂ ਹਾਸਾ ਡਿੱਗਿਆ ਤੇ
ਕਲੀਆਂ ਵਰਗੇ ਨੈਣ ਕੁਵਾਰੇ ਜਾਗ ਪਏ

ਫੇਰ ਅੱਜ ਕਿਸ ਨੇ ਰਾਗ ਇਸ਼ਕ ਦਾ ਗਾਇਆ ਏ
ਫਿਰ ਬਸਤੀ ਵਿੱਚ ਦਰਦਾਂ ਮਾਰੇ ਜਾਗ ਪਏ

ਖਿੜਕੀ, ਕਮਰਾ, ਬਿਸਤਰ ਤੇ ਇੱਕ ਯਾਦ ਸ਼ਗ਼ੀਰ
ਇੱਕ ਦੂਜੇ ਵੱਲ ਵੇਖ ਕੇ ਚਾਰੇ ਜਾਗ ਪਏ

•

ਕਾਗ਼ਜ਼ ਤੇ ਤਸਵੀਰ ਬਣਾ ਕੇ ਭੁੱਲ ਗਿਆ
ਮੈਂ ਸੁਫ਼ਨੇ ਵਿੱਚ ਹੀਰ ਬਣਾ ਕੇ ਭੁੱਲ ਗਿਆ

ਕਿੱਸਰਾਂ ਓਸ ਦੇ ਦਰ ਨੂੰ ਛੋਡ਼ ਕੇ ਜਾਂਦਾ ਮੈਂ
ਪੈਰਾਂ ਵਿੱਚ ਜ਼ੰਜੀਰ ਬਣਾ ਕੇ ਭੁੱਲ ਗਿਆ

ਹਰ ਦਮ ਉਸਦੇ ਨਾਮ ਦੀ ਮਾਲ਼ਾ ਜਪਦਾਂ ਵਾਂ
ਜੋ ਮੇਰੀ ਤਕਦੀਰ ਬਣਾ ਕੇ ਭੁੱਲ ਗਿਆ

ਰੰਗ ਕੀ ਚੜ੍ਹਦਾ ਮੇਰੇ ਉੱਤੇ ਚੇਤਰ ਦਾ
ਪਾਣੀ ਵਿੱਚ ਲਕੀਰ ਬਣਾ ਕੇ ਭੁੱਲ ਗਿਆ

ਅੱਜ ਵੀ ਮੈਨੂੰ ਆਸ ਹੈ ਉਸਦੇ ਮਰਹਮ ਦੀ
ਜੋ ਸੀਨੇ ‘ਤੇ ਚੀਰ ਬਣਾ ਕੇ ਭੁੱਲ ਗਿਆ

•

ਬਿਰਹੋਂ ਦਾ ਇੱਕ ਗੀਤ ਪੁਰਾਣਾ ਛੇੜ ਲਿਆ
ਮੈਂ ਸੀਨੇ ਵਿੱਚ ਲੱਗਿਆ ਫੱਟ ਉਧੇੜ ਲਿਆ

ਜਿਸ ਦੇ ਲਈ ਮੈਂ ਪੰਧ ਕੱਟਿਆ ਸੀ ਉਮਰਾਂ ਦਾ
ਉਸ ਨੇ ਦੂਰੋਂ ਵੇਖ ਕੇ ਬੂਹਾ ਭੇੜ ਲਿਆ

ਕੈਸੇ-ਕੈਸੇ ਫੁੱਲ ਖਿੜੇ ਨੇ ਕਮਰੇ ਵਿੱਚ
ਮੈਂ ਯਾਦਾਂ ਦਾ ਚਰਖਾ ਪੁੱਠਾ ਗੇੜ ਲਿਆ

ਮੈਂ ਜੀਵਨ ਹਾਂ ਜੀਵਨ ਪਾਟੀਆਂ ਲੀਰਾਂ ਦਾ
ਜਿਸ ਨੇ ਜਿੱਸਰਾਂ ਚਾਹਿਆ ਉਂਝ ਉਧੇੜ ਲਿਆ

ਉਸ ਦਿਨ ਇੱਕ ਗ਼ਜ਼ਲ ਨੇ ਰੋ ਕੇ ਤੱਕਿਆ ਸੀ
ਮੈਂ ਜੀਵਨ ਦਾ ਰੇਹੜਾ ਓਧਰ ਰੇੜ੍ਹ ਲਿਆ

•

ਇੱਕ ਭੈੜੇ ਅੰਜਾਮ ਤੋਂ ਪਹਿਲਾਂ ਮਰ ਜਾਵਾਂ
ਦੁੱਖਾਂ ਦੀ ਉਸ ਸ਼ਾਮ ਤੋਂ ਪਹਿਲਾਂ ਮਰ ਜਾਵਾਂ

ਤੇਰੇ ਨਾਲ ਵਫ਼ਾ ਨਈਂ ਕੀਤੀ ਜਿਉਂਦੇ ਜੀਅ
ਮੈਂ ਐਸੇ ਇਲਜ਼ਾਮ ਤੋਂ ਪਹਿਲਾਂ ਮਰ ਜਾਵਾਂ

•

ਸੰਦਲ ਜਿਹੀਆਂ ਬਾਹਵਾਂ ਦਾ ਇਤਬਾਰ ਨਈਂ
ਤੇਰੀਆਂ ਨਿੱਘੀਆਂ ਸਾਹਵਾਂ ਦਾ ਇਤਬਾਰ ਨਈਂ

ਚੇਤਰ ਭਰੀਆਂ ਛਾਵਾਂ ਦਾ ਇਤਬਾਰ ਨਈਂ
ਸੱਕੇ ਭੈਣ ਭਰਾਵਾਂ ਦਾ ਇਤਬਾਰ ਨਈਂ

ਲਹੂ ਵਿੱਚ ਡੁੱਬੀਆਂ ਥਾਵਾਂ ਦਾ ਇਤਬਾਰ ਨਈਂ
ਹਉਕੇ ਭਰਦੀਆਂ ਹਾਵਾਂ ਦਾ ਇਤਬਾਰ ਨਈਂ

ਜੀਵਨ ਇੱਕ ਸ਼ਿਕੰਜਾ ਹੈ ਜਾਂ ਜੰਗਲ ਹੈ
ਇਹਦੀਆਂ ਗੁੰਝਲ ਰਾਹਵਾਂ ਦਾ ਇਤਬਾਰ ਨਈਂ

ਮੈਂ ਕਿੱਕਰ ਹਾਂ ਕਿੱਕਰ ਥਲ ਦੇ ਟਿੱਬਿਆਂ ਦਾ
ਉਹਨੂੰ ਮੇਰੀਆਂ ਛਾਵਾਂ ਦਾ ਇਤਬਾਰ ਨਈਂ

ਮੇਰੀ ਗੱਲ ਦਾ ਕਰਨਾ ਸੀ ਇਤਬਾਰ ਕਿਉਂ
ਅੱਥਰੂ ਸੁੱਟਦੀਆਂ ਮਾਵਾਂ ਦਾ ਇਤਬਾਰ ਨਈਂ

•

ਭਾਵੇਂ ਦਿਲ ਇਨਕਾਰੀ ਏ
ਖ਼ੌਫ਼ ਹਿਜਰ ਦਾ ਤਾਰੀ ਏ

ਨਜ਼ਮਾਂ ਨਾਲ ਮੁਹੱਬਤ ਏ
ਇਸ਼ਕ ਗ਼ਜ਼ਲ ਦਾ ਜਾਰੀ ਏ

ਫੇਰ ਅੱਜ ਤੇਰੀਆਂ ਅੱਖਾਂ ਨੇ
ਤਾਜ਼ਾ ਗ਼ਜ਼ਲ ਉਤਾਰੀ ਏ

ਦੁੱਖ ਹਿਜਰਾਂ ਦਾ ਮੁੱਕਿਆ ਨਈਂ
ਯਾਦ ਅਜੇ ਵੀ ਸਾਰੀ ਏ

ਕੀ ਦੱਸਾਂ ਮੈਂ ਤੇਰੇ ਬਾਅਦ
ਕਿੱਸਰਾਂ ਉਮਰ ਗੁਜ਼ਾਰੀ ਏ

ਉਸ ਦੇ ਹੋਂਠ ਸ਼ਰਾਬੀ ਨੇ
ਉਸ ਦਾ ਰੰਗ ਅਨਾਰੀ ਏ

ਉਸ ਦੀ ਅੱਖ ਦੇ ਜਾਦੂ ਤੋਂ
ਕੌਣ ਭਲਾ ਇਨਕਾਰੀ ਏ

ਏਥੇ ਵਿਹੜਾ ਹੁੰਦਾ ਸੀ
ਕਿਸ ਨੇ ਕੰਧ ਉਸਾਰੀ ਏ

ਥੋੜ੍ਹੇ ਚਿਰ ਲਈ ਰੁਕਿਆਂ ਵਾਂ
ਲੰਮੀ ਫੇਰ ਉਡਾਰੀ ਏ

ਹਿਜਰ ਤੇਰੇ ਨੇ ਦੱਸਿਆ ਏ
ਅੱਖ ਦਾ ਪਾਣੀ ਖਾਰੀ ਏ

ਪੀੜਾਂ ਸਹਿੰਦੀ ਧਰਤੀ ਦਾ
ਪੈਰ ਅਜੇ ਵੀ ਭਾਰੀ ਏ

ਮੈਂ ਤੇ ਇਸ਼ਕ ਕਮਾਇਆ ਏ
ਤੂੰ ਕਿਉਂ ਬਾਜ਼ੀ ਹਾਰੀ ਏ

•

ਰੋਜ਼ ਇੱਕ ਯਾਦ ਪੁਰਾਣੀ ਅੰਦਰ ਮਰ ਜਾਂਦੀ
ਜਿੱਸਰਾਂ ਪ੍ਰੇਮ ਕਹਾਣੀ ਅੰਦਰ ਮਰ ਜਾਂਦੀ

ਪਹਿਲੇ ਇੱਕ-ਇੱਕ ਸਾਹ ਨੂੰ 'ਕੱਠਾ ਕਰਨਾ ਵਾਂ
ਫਿਰ ਸਾਹਾਂ ਦੀ ਤਾਣੀ ਅੰਦਰ ਮਰ ਜਾਂਦੀ

•

ਚਾਰ ਦਿਨਾਂ ਲਈ ਢੇਰ ਖ਼ਜ਼ਾਨਾ ਕੀ ਕਰਨਾ
ਤੂੰ ਹੋਵੇਂ ਜੇ ਕੋਲ਼ ਜ਼ਮਾਨਾ ਕੀ ਕਰਨਾ

ਦਫ਼ਤਰ, ਕਾਲਜ ਮੀਟਿੰਗ ਤੇ ਸਭ ਚੱਲਦਾ ਏ
ਤੇਰੇ ਅੱਗੇ ਯਾਰ ਬਹਾਨਾ ਕੀ ਕਰਨਾ

ਇੱਕ ਦੋ ਯਾਰ ਬੜੇ ਨੇ ਏਸ ਹਯਾਤੀ ਵਿੱਚ
ਹਰ ਇੱਕ ਬੰਦੇ ਨਾਲ ਯਰਾਨਾ ਕੀ ਕਰਨਾ

ਦੋ ਕਿਰਦਾਰ ਹਾਂ ਆਪਾਂ ਇੱਕ ਕਹਾਣੀ ਦੇ
ਇਸ ਤੋਂ ਵੱਧ ਕੇ ਹੋਰ ਫਸਾਨਾ ਕੀ ਕਰਨਾ

ਪੈੱਗ ਨੇ ਤੇਰੇ ਨੈਣ ਯਮਨ ਦੀ ਦਾਰੂ ਦੇ
ਲੱਗੇ ਨਾ ਜੇ ਠੀਕ ਨਿਸ਼ਾਨਾ ਕੀ ਕਰਨਾ

•

ਬਰਫ਼ ਹਿਜਰ ਦੀ ਖੋਰ ਕੇ ਪੀਤੀ ਠਰਿਆ ਨਈਂ
ਤੇਰੇ ਬਾਅਦ ਵੀ ਸਾਹ ਲੈਨਾਂ ਵਾਂ ਮਰਿਆ ਨਈਂ

ਮੈਂ ਰੋਹੀ ਦੇ ਹੋਂਠ ਪਿਆਸੇ ਸੜ ਗਏ ਪਰ
ਕੋਲ਼ ਖੜ੍ਹਾ ਇੱਕ ਗੱਜਦਾ ਬੱਦਲ਼ ਵਰ੍ਹਿਆ ਨਈਂ

ਉਹ ਯਾਦਾਂ ਦੀ ਬਾਰੀ ਖੋਲ੍ਹ ਕੇ ਹੱਸਿਆ ਤੇ
ਅੱਖ ਨੇ ਰੱਜ ਕੇ ਤੱਕਿਆ ਪਰ ਦਿਲ ਭਰਿਆ ਨਈਂ

ਉਸ ਨੇ 'ਕੱਠਿਆਂ ਜੀਣ ਮਰਨ ਦਾ ਆਖਿਆ ਸੀ
ਮੈਂ ਵੀ ਉਸ ਦੇ ਆਣ ਤੋਂ ਪਹਿਲੇ ਮਰਿਆ ਨਈਂ

ਅੱਜ ਵੀ ਉਸ ਦੀ ਤਾਂਘ ਰੜਕਦੀ ਸੀਨੇ ਵਿੱਚ
ਅੱਜ ਵੀ ਉਸ ਨੇ ਪੈਰ ਬੂਹੇ ਵਿੱਚ ਧਰਿਆ ਨਈਂ

ਜੇ ਮੈਂ ਉਸ ਦੀ ਯਾਦ 'ਚ ਅੱਥਰੂ ਸੁੱਟੇ ਨੇ
ਉਸ ਦਾ ਵੀ ਤੇ ਮੇਰੇ ਬਾਝੋਂ ਸਰਿਆ ਨਈਂ